ਫਰਵਰੀ 1987
ਮੁੱਲ--ਦੋ ਰੁਪਏ
81

## ਸੰਪਾਦਕੀ

**ਦੋ ਝੂਠੇ :** ਇਕ ਰਾਜੀਵ ਗਾਂਧੀ ਹੈ, ਜੋ ਭਾਰਤ ਦਾ ਪ੍ਰਧਾਨ ਮੰਤਰੀ ਹੈ, ਇਕ ਸੁਰਜੀਤ ਸਿੰਘ ਬਰਨਾਲਾ ਹੈ, ਜੋ ਪੰਜਾਬ ਦਾ ਮੁੱਖ ਮੰਤਰੀ ਹੈ। ਇਕ 20 ਜਨਵਰੀ ਦੀ ਪ੍ਰੈਸ ਕਾਨਫਰੰਸ ਵਿਚ 200 ਤੋਂ ਵੱਧ ਦੇਸੀ ਅੰਤੇ ਵਿਦੇਸ਼ੀ ਪਤ੍ਰਕਾਰਾਂ ਨੂੰ ਸਾਹਮਣੇ ਬਿਠਾਕੇ ਪੰਜਾਬ ਸਮਝੌਤੇ ਬਾਰੇ ਚਿੱਟਾ ਝੂਠ ਬੋਲਦਾ ਹੈ, ਦੂਜਾ 21 ਜਨਵਰੀ ਪ੍ਰੈਸ ਕਾਨਫਰੰਸ ਨੂੰ ਬੁਲਾਕੇ ਚੰਡੀਗੜ੍ਹ ਵਿਚ ਝੂਠ ਬੋਲਦਾ ਹੈ। ਇਕ ਕਹਿੰਦਾ ਹੈ ਕੇਂਦਰ ਪੂਰੀ ਸੁਹਿਰਦਤਾ ਨਾਲ ਪੰਜਾਬ ਸਮਝੌਤਾ ਲਾਗੂ ਕਰਨਾ ਚਾਹੁੰਦਾ ਹੈ ਪਰ ਅਕਾਲੀਆਂ ਦੀ ਨੀਅਤ ਸਾਫ ਨਹੀਂ। ਦੂਜਾ ਕਹਿੰਦਾ ਹੈ ਕਿ ਪੰਜਾਬ ਪੂਰੀ ਤਰ੍ਹਾਂ ਸਮਝੌਤਾ ਲਾਗੂ ਕਰਨਾ ਚਾਹੁੰਦਾ ਹੈ ਪਰ ਕੇਂਦਰ ਦੀ ਨੀਅਤ ਸਾਫ ਨਹੀਂ। ਇਕ ਕਹਿੰਦਾ ਹੈ ਕਿ ਉਹਨੂੰ ਖੁਫੀਆ ਏਜੰਸੀਆਂ ਰਾਹੀਂ ਪੂਰੀ ਜਾਣਕਾਰੀ ਹੈ ਕਿ ਬਰਨਾਲਾ ਵਜ਼ਾਰਤ ਦੇ ਕੁਝ ਵਜ਼ੀਰ ਅੱਤਵਾਦੀਆਂ ਨਾਲ ਮਿਲੇ ਹੋਏ ਹਨ। ਦੂਜਾ ਕਹਿੰਦਾ ਹੈ ਕਿ ਉਹ ਪੂਰੀ ਜ਼ਿਮੇਵਾਰੀ ਨਾਲ ਇਹ ਦਾਅਵਾ ਕਰਦਾ ਹੈ ਕਿ ਉਹਦੇ ਕਿਸੇ ਵਜ਼ੀਰ ਦਾ ਕਿਸੇ ਵੀ ਅੱਤਵਾਦੀ ਨਾਲ ਕੋਈ ਸੰਬੰਧ ਨਹੀਂ। ਇਕ ਕਹਿੰਦਾ ਹੈ ਕਿ ਚੰਡੀਗੜ੍ਹ ਦੂਜੇ ਦਿਨ ਪੰਜਾਬ ਦੇ ਹਵਾਲੇ ਹੋ ਸਕਦਾ ਹੈ ਜੇ ਪੰਜਾਬ ਦੇ 70 ਹਜ਼ਾਰ ਏਕੜ ਇਲਾਕਾ ਹਰਿਆਨਾ ਨੂੰ ਦੇ ਦੇਵੇ। ਦੂਜਾ ਕਹਿੰਦਾ ਹੈ ਕਿ ਸਮਝੌਤੇ ਵਿਚ ਕਿਧਰੇ ਵੀ ਇਹ ਮੱਦ ਦਰਜ ਨਹੀਂ ਕਿ ਚੰਡੀਗੜ੍ਹ ਦੇ ਬਦਲੇ 70 ਹੇਜ਼ਾਰ ਏਕੜ ਇਲਾਕਾ ਪੰਜਾਬ ਨੇ ਦੇਣਾ ਹੈ। ਪੰਜਾਬ ਕਿਸੇ ਉਸ ਕਮਿਸ਼ਨ ਦਾ ਬੱਧਾ ਨਹੀਂ ਹੋਇਆ ਜਿਸਦਾ ਸਮਝੌਤੇ ਵਿਚੋ ਜ਼ਿਕਰ ਨਹੀਂ। ਇਕ ਕਹਿੰਦਾ ਹੈ ਕਿ ਜੋਧਪੁਰ ਦੇ ਕੈਦੀਆਂ ਬਾਰੇ ਜਾਂ ਸਿਖ ਫੌਜੀਆਂ ਬਾਰੇ ਕੋਈ ਸਮਝੌਤਾ ਨਹੀਂ ਹੋਇਆ ਸੀ, ਦੂਜਾ ਕਹਿੰਦਾ ਹੈ ਕਿ ਬੜੇ ਸਾਫ ਸ਼ਬਦਾਂ ਵਿਚ ਉਹਨਾਂ ਨੂੰ ਜ਼ਬਾਨੀ ਇਹ ਯਕੀਨ ਦਿਵਾਇਆ ਗਿਆ ਸੀ ਕਿ ਜੋਧਪੁਰ ਦੇ ਕੈਦੀ ਰਿਹਾ ਕਰ ਦਿਤੇ ਜਾਣਗੇ ਤੇ ਬਾਗ਼ੀ ਸਿੱਖ ਫੌਜੀਆ ਨੂੰ ਪੂਰੀ ਤਰ੍ਹਾਂ ਫੌਜ ਵਿਚ ਜਾਂ ਦੂਜੀਆਂ ਨੌਕਰੀਆਂ ਵਿਚ ਥਾਂਵਾਂ ਦੇ ਕੇ ਉਹਨਾਂ ਦਾ ਮੁੜ ਵਸੇਵਾਂ ਕੀਤਾ ਜਾਏਗਾ। ਇਕ ਕਹਿੰਦਾ ਹੈ ਕਿ ਸਤਲੁਜ ਯਮਨਾ ਲਿੰਕ ਨਹਿਰ ਬਨਾਉਣ ਵਿਚ ਪੰਜਾਬ ਰੁਕਾਵਟਾਂ ਪਾ ਰਿਹਾ ਹੈ, ਦੂਜਾ ਕਹਿੰਦਾ ਹੈ ਪੰਜਾਬ ਰੁਕਾਵਟਾਂ ਨਹੀਂ ਪਾ ਰਿਹਾ, ਸਗੋਂ ਕੇਂਦਰ ਵਲੋਂ ਹੀ ਢਿਲ ਕੀਤੀ ਜਾ ਰਹੀ ਹੈ। ਇਕ ਕਹਿੰਦਾ ਹੈ ਕਿ ਪੰਜਾਬ ਸਰਕਾਰ ਅੱਤਵਾਦੀਆਂ ਨੂੰ ਦਬਾਉਣ ਵਿਚ ਢਿਲ ਵਿਖਾ ਰਹੀ ਹੈ, ਹਾਲਾਂਕਿ ਕੇਂਦਰ ਨੇ ਇਸ ਪ੍ਰਸੰਗ ਵਿਚ ਹਰ ਸਹਾਇਤਾ ਦਿਤੀ ਹੈ ਤੇ ਵੱਧ ਤੋਂ ਵੱਧ ਕੇਂਦਰੀ ਨੀਮ ਫੌਜੀ ਪੰਜਾਬ ਨੂੰ ਦਿੱਤੇ ਹਨ, ਦੂਜਾ ਕਹਿੰਦਾ ਹੈ ਉਹਨਾਂ ਨੂੰ ਨੀਮ ਫੌਜੀ ਨਹੀਂ ਚਾਹੀਦੇ ਸਗੋਂ ਅੱਤਵਾਦ ਦਾ ਮੁਕਾਬਲਾ ਕਰਨ ਲਈ ਸਿਆਸੀ ਅਤੇ ਇਖਲਾਕੀ ਮੱਦਦ ਦੀ ਲੋੜ ਹੈ, ਜੋ ਕਿ ਕੇਂਦਰ ਨਹੀਂ ਦੇ ਰਿਹਾ। ਇਕ ਕਹਿੰਦਾ ਹੈ ਬਰਨਾਲਾ ਬੜਾ......(ਭਾਵੇਂ ਗਾਹਲ ਕੱਢ ਲਵੋ, ਭਾਵੇਂ ਬੇਈਮਾਨ ਕਹਿ ਲਵੋ ਭਾਵੇਂ ਝੂਠਾ ਕਹਿ ਲਵੋ)......। ਦੂਜਾ ਕਹਿੰਦਾ ਹੈ ਰਾਜੀਵ ਬੜਾ......(ਇਥੇ ਵੀ ਭਾਵੇਂ ਵਡੀ ਸਾਰੀ ਗਾਲ੍ਹ ਕੱਢ ਲਵੋ, ਬੇਈਮਾਨ ਕਹਿ ਲਵੋ, ਝੂਠਾ ਕਹਿ ਲਵੋ......।)

ਲੋਕਾਂ ਅਗੇ ਹੁਣ ਇਹ ਸਪੱਸ਼ਟ ਗੱਲ ਆ ਗਈ ਹੈ ਕਿ ਇਹ ਦੋਨੋਂ ਵਡੀਆਂ ਪਦਵੀਆਂ ਤੇ ਬੈਠੇ ਬਹੁਤ ਵਡੇ ਝੂਠੇ ਹਨ। ਰਾਜੀਵ ਹਰਿਆਨੇ ਵਿਚ ਆਪਣੀ ਪਾਰਟੀ ਦੇ ਹਿੱਤ ਬਚਾਉਣ ਦੀ ਖ਼ਾਤਿਰ ਮੀਸਣਿਆਂ ਵਾਕੁਨ ਮਿਨ੍ਹਾ ਮਿਨਾ ਮੁਸਕਰਾਕੇ ਸਫੈਦ ਤੋਂ ਲੈ ਕੇ ਕਾਲੇ ਤਕ ਹਰ ਰੰਗ ਦਾ ਝੂਠ ਬੋਲ ਸਕਦਾ ਹੈ ਅਤੇ ਸਰਦਾਰ ਬਰਨਾਲਾ ਆਪਣੀ ਕੁਰਸੀ ਬਚਾਉਣ ਲਈ ਕਿਸੇ ਝੂਠ ਵਿਚ ਪਿਛੇ ਨਹੀਂ ਰਹਿਣਾ ਚਾਹੁੰਦਾ। ਸਿੱਤਮ ਦੀ ਗਲ ਹੈ ਕਿ ਇਹ ਦੋਨੋਂ ਝੂਠੇ ਇਕ ਦੂਜੇ ਦੇ ਪ੍ਰਸ਼ੰਸਕ ਵੀ ਹਨ। ਬਰਨਾਲਾ ਕਹਿੰਦਾ ਹੈ ਕਿ ਰਾਜੀਵ ਪੰਜਾਬ ਸਮਝੌਤਾ ਲਾਗੂ ਕਰਨ ਵਿਚ ਬੜਾ ਸੁਹਿਰਦ ਹੈ ਸਗੋਂ ਉਹਦਾ ਜਿਹੜਾ ਗ੍ਰਹਿ ਮੰਤਰਾਲਾ ਉਹਨੂੰ ਜਾਣਕਾਰੀ ਠੀਕ ਨਹੀਂ ਦੇਂਦਾ ਰਾਜੀਵ ਕਹਿੰਦਾ ਹੈ, ਬਰਨਾਲੇ ਤੋਂ ਸਿਵਾ ਹੋਰ ਕੋਈ ਨਹੀਂ, ਜਿਹੜਾ ਅੱਤਵਾਦ ਦੇ ਵਿਰੁੱਧ ਲੜਾਈ ਦੇ ਸਕੇ, ਇਸ ਲਈ ਅਸੀਂ ਪੰਜਾਬ ਵਿਚ ਉਹਦੀ ਵਜ਼ਾਰਤ ਨੂੰ

ਸਮਰਥਨ ਦੇ ਰਹੇ ਹਾਂ। ਇਹਨਾਂ ਝੂਠਿਆਂ ਦੀ ਨੀਤੀਆਂ ਕਰਕੇ ਹੀ ਪੰਜਾਬ ਸੜ ਰਿਹਾ ਹੈ। ਬੇਦੋਸ਼ੇ ਮਾਰੇ ਜਾ ਰਹੇ ਹਨ ਭਾਵੇਂ ਅੱਤਵਾਦੀਆਂ ਦੀਆਂ ਗੋਲੀਆਂ ਨਾਲ ਭਾਵੇਂ ਬਾਰਡਰ ਤੇ ਬੀ. ਐਸ. ਐਫ. ਦੀਆਂ ਗੋਲੀਆਂ ਨਾਲ। ਔਰਤਾਂ ਦੀ ਪੱਤ ਰੋਲੀ ਜਾ ਰਹੀ ਹੈ ਭਾਵੇਂ ਤਰਨ ਤਾਰਨ ਵਿਚ ਅੱਤਵਾਦੀਆਂ ਦੇ ਹਥੋਂ ਭਾਵੇਂ ਬ੍ਰਹਮਪੁਰਾ ਵਿਚ ਸੀ. ਆਰ. ਪੀ. ਐਫ. ਵਲੋਂ। ਇਹਨਾਂ ਹਾਲਾਤ ਵਿਚ ਲੋਕ ਕੀ ਕਰਨ ? ਇਕ ਬੜਾ ਵਡਾ ਪ੍ਰਸ਼ਨ ਉਹਨਾਂ ਦੇ ਸਾਹਮਣੇ ਹੈ। ਹਿੰਦੂ ਅਤੇ ਸਿਖ ਰਾਇਆਮਾਂ ਪੂਰੀ ਤਰ੍ਹਾਂ ਦੋ ਹਿਸਿਆਂ ਵਿਚ ਵੰਡੀ ਹੋਈ ਹੈ। ਸਿੱਖ ਸੰਸਥਾਵਾਂ ਜੇਕਰ ਸੀ. ਆਰ. ਪੀ ਐਫ. ਦੀ ਵਾਪਸੀ ਦੀ ਮੰਗ ਕਰਦੀਆਂ ਹਨ ਤਾਂ ਹਿੰਦੂ ਸੰਸਥਾਵਾਂ ਇਕ ਦਮ ਹਰਕਤ ਵਿਚ ਆਂਦੀਆਂ ਹਨ ਕਿ ਜੇਕਰ ਇਹ ਫੋਰਸ ਪੰਜਾਬ ਵਿਚੋਂ ਵਾਪਸ ਬੁਲਾ ਲਈ ਗਈ ਤਾਂ ਉਹਨਾਂ ਦੀ ਰਖਵਾਲੀ ਕੌਣ ਕਰੇਗਾ ? ਇਸ ਵੰਡੀ ਹੋਈ ਰਾਇਆਮਾ ਕਰਕੇ ਹੀ ਇਹ ਝੂਠੇ ਕਾਇਮ ਹਨ ਤੇ ਬੜੀ ਬੇ ਸ਼ਰਮੀ ਨਾਲ ਆਪਣੀਆਂ ਆਪਣੀਆਂ ਪ੍ਰੈਸ ਕਾਨਫਰੰਸਾਂ ਕਰਕੇ ਵਡੇ ਤੋਂ ਵਡਾ ਝੂਠ ਬੋਲ ਸਕਦੇ ਹਨ। ਇਹ ਜੇਕਰ ਇਕ ਪ੍ਰੈਸ ਇਕੱਠੀ ਕਰ ਲੈਣ ਤਾਂ ਝੂਠ ਸੱਚ ਦਾ ਨਿਤਾਰਾ ਹੋ ਜਾਵੇ, ਇਸ ਝੂਠ ਦੇ ਪਸਾਰੇ ਵਿਚ ਕੁਝ ਸੈਕੂਲਰ ਸੋਚਦੇ ਲੋਕ ਹੀ ਹਨ, ਜੋ ਰੋਸ਼ਨੀ ਦੀ ਕਿਰਨ ਸਾਬਤ ਹੋ ਸਕਦੇ ਹਨ ਅਤੇ ਨਿਰਪੱਖ ਹੋ ਕੇ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿ ਸਕਦੇ ਹਨ। ਹੁਣ ਸਿਰਫ ਨਹਿਰਾਂ ਦੇ ਪਾਣੀ ਜਾਂ ਚੰਡੀਗੜ੍ਹ ਹੀ ਸਵਾਲ ਨਹੀਂ ਰਹਿ ਗਏ, ਜ਼ਿੰਦਗੀ ਦੀ ਹਰ ਚੰਗੀ ਕਦਰ ਤੇ ਕੀਮਤ ਖਤਰੇ ਵਿਚ ਹੈ। 20 ਦਸੰਬਰ ਜਦੋਂ ਪ੍ਰਧਾਨ ਮੰਤਰੀ ਪ੍ਰੈਸ ਕਾਨਫਰੰਸ ਕਰ ਰਿਹਾ ਸੀ ਤਾਂ ਲੁਧਿਆਣੇ ਵਿਚ ਉਹਦੀ ਹੀ ਪਾਰਟੀ ਦੇ ਇਕ ਕਾਰਕੁਨ ਦਾ ਆਰਥੀ ਜਲੂਸ ਨਿਕਲ ਰਿਹਾ ਸੀ, ਜਿਸ ਵਿਚ ਉਹਦਾ ਨਾਂ ਲੈ ਲੈ ਕੇ ਸਿਆਪਾ ਹੋ ਰਿਹਾ ਸੀ, ਪੰਜਾਬ ਸਰਕਾਰ ਦਾ ਸਿਆਪਾ ਹੋ ਰਿਹਾ ਸੀ, ਗਵਰਨਰ ਦਾ ਸਿਆਪਾ ਹੋ ਰਿਹਾ ਸੀ। ਇਹ ਭਾਵੇਂ ਵਕਤੀ ਗੁੱਸੇ ਦਾ ਵਿਖਾਵਾ ਸੀ ਅਤੇ ਇਸ ਗੁੱਸੇ ਅਤੇ ਰੋਹ ਦੀ ਦਿਸ਼ਾ ਗਲਤ ਪਾਸੇ ਹੋ ਜਾਣ ਦੀ ਵੀ ਸੰਭਾਵਨਾ ਸੀ ਪਰ ਇਹ ਗੁੱਸਾ ਹਰ ਲਿਹਾਜ ਨਾਲ ਜਾਇਜ ਸੀ। ਸੱਦ ਭਾਵਨਾ ਜਲੂਸਾਂ ਵਿਚ ਅਮਨ ਮਾਰਚਾਂ ਵਿਚ ਅਤੇ ਹੋਰ ਰੈਲੀਆਂ ਵਿਚ ਜਿਥੇ 'ਲੋਕ ਏਕਤਾ ਜ਼ਿੰਦਾਬਾਦ' ਹਿੰਦੂ ਸਿਖ ਏਕਤਾ ਜ਼ਿੰਦਾਬਾਦ ਦੇ ਨਾਅਰੇ ਜ਼ਰੂਰੀ ਹਨ, ਉਥੇ ਇਹਨਾਂ ਝੂਠਿਆਂ ਦੇ ਸਿਆਪੇ ਅਤੇ 'ਹਾਏ ਹਾਏ' ਵੀ ਜ਼ਰੂਰੀ ਹੋ ਗਈ ਹੈ।

**ਗੁਰਸ਼ਰਨ ਸਿੰਘ**

## ਸੰਪਾਦਕੀ ਟਿੱਪਣੀਆਂ

### ਪੰਜਾਬ ਮੱਸਲੇ ਬਾਰੇ ਕਮਿਊਨਿਸਟ ਇਨਕਲਾਬੀਆਂ ਦੀ ਸਾਂਝੀ ਸੋਚ :

ਕਮਿਊਨਿਸਟ ਇਨਕਲਾਬੀਆਂ ਦੀਆਂ ਵੱਖ ਵੱਖ ਧਿਰਾਂ ਵਲੋਂ ਆਪਣੇ ਆਪਣੇ ਪਰਚੇ ਕੱਢੇ ਜਾਂਦੇ ਹਨ, ਜਿਨ੍ਹਾਂ ਵਿਚ ਉਹ ਸਮਕਾਲੀ ਮਸਲਿਆਂ ਬਾਰੇ ਆਪਣੀ ਪਹੁੰਚ ਦਰਸਾਂਦੇ ਹਨ। ਇਹ ਪਰਚੇ ਹਨ : ਸੁਰਖ ਰੇਖਾ, ਜਨਤਕ ਲੀਹ, ਜੈਕਾਰਾ, ਟਾਕਰਾ, ਹਿਰਾਵਲ ਦਸਤਾ, ਕਮਿਊਨਿਸਟ ਵਰਕਰ, ਦਿਸ਼ਾ, ਪਰਚੰਡ, ਸੂਹੀ ਲਾਟ ਅਤੇ ਪੈਗਾਮ ਇਹਨਾਂ ਪਰਚਿਆਂ ਦੇ ਜਨਵਰੀ 1987 ਅੰਕਾਂ ਵਿਚ ਛਪੇ, ਉਹਨਾਂ ਸੰਪਾਦਕੀਆਂ ਅਤੇ ਲੇਖਾਂ ਦਾ ਵਿਸ਼ਲੇਸ਼ਣ ਕਰੀਏ, ਜੋ ਪੰਜਾਬ ਮਸਲੇ ਬਾਰੇ ਲਿਖੇ ਹਨ ਤਾਂ ਪੈਗਾਮ ਨੂੰ ਛੱਡ ਕੇ ਸਾਰਿਆਂ ਦੀ ਬੁਨਿਆਦੀ ਸੋਚ ਤਕਰੀਬਨ ਤਕਰੀਬਨ ਇਕੋ ਬਣਦੀ ਹੈ। ਜੇ ਕੋਈ ਵਖਰੇਵਾਂ ਹੈ ਤੇ ਇਸ ਗਲ ਵਿਚ ਹੈ ਕਿ ਕਿਹੜੀ ਮੰਗ ਨੂੰ ਉਤੇ ਰਖਿਆ ਜਾਏ ਜਾਂ ਕਿਹੜੇ ਨੁਕਤੇ ਉਤੇ ਬਹੁਤ ਜ਼ੋਰ ਦਿਤਾ ਜਾਏ। ਬੁਨਿਆਦੀ ਸੋਚ ਜੋ ਸਾਂਝੀ ਹੈ, ਉਸਨੂੰ ਸੰਖੇਪ ਤਰੀਕੇ ਨਾਲ ਹੇਠ ਲਿਖੇ ਅਨੁਸਾਰ ਬਿਆਨ ਕੀਤੀ ਜਾ ਸਕਦੀ ਹੈ ਅਤੇ ਨਾਲ ਹੀ ਫਰਜ਼ਾਂ ਦੀ ਪਹਿਚਾਣ ਕੀਤੀ ਜਾ ਸਕਦੀ ਹੈ :

(ਇਥੇ ਇਹ ਕਹਿਣਾ ਵੀ ਉਚਿਤ ਹੋਵੇਗਾ ਕਿ ਦੇਸ਼ ਦੇ ਬਾਹਰ ਬੈਠੇ ਸਾਡੇ ਉਹ ਦੋਸਤ, ਜੋ ਭਾਰਤ ਦੇ ਇਨਕ-ਲਾਬ ਦੇ ਚਾਹਵਾਨ ਹਨ, ਉਹਨਾਂ ਦੀ ਵੀ ਇਹਨਾਂ ਬੁਨਿਆਦੀ ਧਾਰਨਾਵਾਂ ਨਾਲ ਸਹਿਮਤੀ ਇਸ ਪ੍ਰਸੰਗ ਵਿਚ ਕਨੇਡਾ ਦੀ ਇਪਾਨਾ ਸੰਸਥਾ ਕੈਲੀਫੋਰਨੀਆਂ ਦੀ ਐਂਟੀ 47 ਸੰਸਥਾ ਬਰਤਾਨੀਆਂ ਦੀ ਭਾਰਤੀ ਮਜ਼ਦੂਰ (ਲਲ-ਕਾਰ) ਅਤੇ ਪੱਛਮੀ ਜਰਮਨੀ 'ਚ ਨਿਕਲੇ ਪੈਂਫਲਿਟ ਇਸ ਸੋਚ ਦੇ ਪ੍ਰਮਾਣ ਹਨ।) ਇਹ ਸੱਚ ਹੈ :—

(ੳ) ਕੇਂਦਰੀ ਕਾਂਗਰਸ ਸਰਕਾਰ ਦਾ ਰੋਲ ਭੱਦਾ ਤੇ ਖਤਰਨਾਕ ਹੈ, ਜੋ ਪੰਜਾਬ ਦੇ ਸਾਰੇ ਹਾਲਾਤ ਵਿਚ ਬੜੇ ਹੀ ਸਾਜ਼ਸ਼ੀ ਢੰਗਾਂ ਰਾਹੀਂ ਆਪਣੇ ਹਿੱਤਾਂ ਨੂੰ ਪੂਰ ਰਹੀ ਹੈ। ਕੇਂਦਰੀ ਹਕੂਮਤ ਅੱਤਵਾਦ ਨੂੰ ਖਤਮ ਵੀ ਨਹੀਂ ਕਰਨਾ ਚਾਹੁੰਦੀ ਅਤੇ ਆਪਣੇ ਹੱਥਾਂ ਵਿਚੋਂ ਬਾਹਰ ਵੀ ਨਹੀਂ ਜਾਣ ਦੇਣਾ ਚਾਹੁੰਦੀ। ਕਾਂਗਰਸ ਦਾ ਫੌਰੀ ਉਦੇਸ਼ ਹੈ, ਅਕਾਲੀ ਪਾਰਟੀ ਨੂੰ ਪਾਟੋਧਾੜ ਕਰਨਾ ਤੇ ਬਦਨਾਮ ਕਰਨਾ। ਕੇਂਦਰੀ ਹਕੂਮਤ ਦੇ ਢੰਡੋਰਚੀਆਂ ਵਲੋਂ ਦਿਤੇ ਇਹ ਬਿਆਨ ਕਿ ਕੇਂਦਰ ਪੰਜਾਬ ਦੇ ਮਸਲਿਆਂ ਵਿਚ ਸਿੱਧਾ ਦਖਲ ਨਹੀਂ ਦੇਣਾ ਚਾਹੁੰਦਾ ਤੇ ਨਾਲ ਹੀ ਜੇ ਲੋੜ ਪਈ ਤਾਂ ਕੇਂਦਰ ਚੁੱਪ ਨਹੀਂ ਬੈਠੇਗਾ। ਉਸਦੇ ਮਕਾਰ ਖਾਸੇ ਨੂੰ ਹੀ ਪ੍ਰਗਟ ਕਰਦੇ ਹਨ। ਦੂਜੀ ਗਲ ਹਿੰਦੂ ਲੋਕਾਂ 'ਚ ਇਹ ਵਿਖਾਉਣ ਲਈ ਕਹਿ ਰਹੀ ਹੈ ਕਿ ਕੇਂਦਰ ਪੰਜਾਬ 'ਚ ਹਿੰਦੂਆਂ ਦੀ ਰਾਖੀ ਪ੍ਰਤੀ ਅਵੇਸਲਾ ਨਹੀਂ

ਅਤੇ ਨਾਲ ਹੀ ਇਹ ਵੀ ਕਿ ਅੱਤਵਾਦ ਬੇਕਾਬੂ ਹੋਣ ਲਗੇ ਜਾਂ ਬਰਨਾਲਾ ਕੋਈ ਚਿਰੜ-ਫਿਰੜ ਕਰਨ ਲਗੇ ਤਾਂ ਸਿੱਧੇ ਦਖਲ ਲਈ ਰਾਹ ਮੋਕਲਾ ਰਖਣਾ ਹੈ। **ਕਾਲੇ ਕਾਨੂੰਨ ਘੜਕੇ, ਨਿਰਦੋਸ਼ ਲੋਕਾਂ 'ਤੇ ਜਬਰ ਕਰਕੇ ਤੇ ਮਸਲੇ ਨੂੰ ਲਟਕਾ ਕੇ ਕੇਂਦਰ ਪੰਜਾਬ ਵਿਚ ਸਾਧਾਰਨ ਲੋਕਾਂ ਦੇ ਉਜਾੜੇ ਲਈ ਦੋਸ਼ੀ ਹੈ।** ਇਸ ਲਈ ਸਾਡਾ ਫਰਜ਼ਬਣਦਾ ਹੈ ਕਿ ਬੇਕਿਰਕ ਹੋਕੇ ਕੇਂਦਰ ਦੀ ਇਸ ਨੀਤੀ ਦੇ ਵਿਰੁੱਧ ਸ਼ੰਘਰਸ਼ ਕਰੀਏ।

(ਅ) ਖਾਲਿਸਤਾਨੀ ਫਿਰਕੂ ਅੱਤਵਾਦੀ ਉਂਝ ਭਾਵੇਂ ਲਗਤਾਰ ਹੀ ਇੱਕਾ ਦੁੱਕਾ ਘਟਨਾਵਾਂ ਕਰਦੇ ਆ ਰਹੇ ਹਨ, ਪਰ ਪਿਛਲੇ ਦਿਨਾਂ ਤੋਂ ਇਨ੍ਹਾਂ ਆਪਣੀਆਂ ਸਰਗਰਮੀਆਂ ਇਕ ਦਮ ਤੇਜ਼ ਕਰ ਦਿਤੀਆਂ ਹਨ। ਇਹ ਅਨਸਰ ਮੰਗ ਭਗੌੜੇ ਫੌਜੀਆਂ ਦੀ ਬਹਾਲੀ ਦੀ ਕਰਦੇ ਹਨ, ਕਤਲ ਕਿਸੇ ਨਿਰਦੋਸ਼ ਭਈਏ ਦਾ ਕਰਦੇ ਹਨ; ਇਹ ਮੰਗ ਜੋਧਪੁਰ ਦੇ ਕੈਦੀਆਂ ਦੀ ਰਿਹਾਈ ਦੀ ਕਰਦੇ ਹਨ, ਕਤਲ ਬਸ ਯਾਤਰੀਆਂ ਦਾ ਕਰਦੇ ਹਨ; ਇਹ ਕਹਿੰਦੇ ਹਨ ਕੇਂਦਰ ਸਿਖਾਂ ਦੀ ਆਵਾਜ਼ ਦਬਾ ਰਿਹਾ ਹੈ, ਪਰ ਆਪ ਇਹ ਜਬਰਦਸਤੀ ਆਪਣੇ ਵਿਰੁੱਧ ਬੋਲਣ ਵਾਲਿਆਂ ਦੀ ਆਵਾਜ਼ ਦਬਾਂਦੇ ਹਨ, ਪੱਤਰਕਾਰਾਂ ਦੇ ਕਤਲ ਕਰਦੇ ਹਨ; ਇਹ ਬ੍ਰਹਮਪੁਰਾ ਵਿਚ ਹੋਏ ਅਤਿਆ-ਚਾਰ ਬਾਰੇ ਸੀ. ਆਰ. ਪੀ. ਐਫ ਨੂੰ ਚਣੌਤੀਆਂ ਦੇਂਦੇ ਹਨ, ਪਰ ਬਦਲੇ ਵਿਚ ਕਤਲ ਤਰਨਤਾਰਨ ਚਾਰ ਔਰਤਾਂ ਦਾ ਕਰਦੇ ਹਨ। ਇਹ ਇਹਨਾਂ ਦੀ ਕਹਿਣੀ ਅਤੇ ਕਰਨੀ ਤੋਂ ਹੀ ਸਪਸ਼ਟ ਹੈ ਕਿ ਇਹਨਾਂ ਦਾ ਨਾ ਕੋਈ ਸਾਧਾਰਨ ਸਿਖਾਂ ਨਾਲ ਮੋਹ ਹੈ ਤੇ ਨਾ ਹੀ ਪੰਜਾਬ ਦੀਆਂ ਕਿਸੇ ਮੰਗਾਂ ਨਾਲ, ਸਗੋਂ ਇਹਨਾਂ ਦਾ ਇਕੋ ਉਦੇਸ਼ ਹੈ ਕਿ ਪੰਜਾਬ ਦੇ ਲੋਕਾਂ ਨੂੰ ਫਿਰਕੂ ਅਧਾਰ ਤੇ ਲੜਾਉਣਾ। ਇਹਨਾਂ ਦੀ ਸਾਰੀ ਸੋਚ ਗੈਰਮਾਨਵਵਾਦੀ ਹੈ। ਸੰਸਾਰ ਦੀਆਂ ਸਾਮਰਾਜ ਸ਼ਕਤੀਆਂ ਦੇ ਉਹ ਹੱਥ ਠੋਕੇ ਹਨ, ਇਹਦੇ ਬਾਰੇ ਹੁਣ ਕੋਈ ਸ਼ਕ ਨਹੀਂ ਰਿਹਾ।

ਲੋਕ ਇਹਨਾਂ ਦੀਆਂ ਕਾਰਵਾਈਆਂ ਦੇ ਪੂਰੀ ਤਰ੍ਹਾਂ ਤੰਗ ਹਨ, ਪਰ ਕੇਂਦਰ ਪ੍ਰਤੀ ਜਿਹੜੀ ਸਿਖ ਕਮਿਊ-ਨਿਸਟੀ ਦੀ ਬੇਵਿਸ਼ਵਾਸੀ ਹੈ, ਇਹ ਉਸ ਕਮਿਊਨਿਟੀ ਵਿਚੋਂ ਲੁੱਕਵੀਂ ਹਮਦਰਦੀ ਲੈਣ ਅਤੇ ਸਿੱਖਾਂ ਦੇ ਇਕ ਹਲਕੇ ਨੂੰ ਗੁੰਮਰਾਹ ਕਰਨ ਵਿਚ ਸਫ਼ਲ ਹੋਏ ਹਨ। ਇਹਨਾਂ ਵਿਰੋਧ ਡੱਟਵਾ ਸੰਘਰਸ਼ ਸਾਡੇ ਵੱਡੇ ਫਰਜ਼ਾਂ ਵਿਚੋਂ ਇਕ ਵੱਡਾ ਫਰਜ਼ ਹੈ।

(ੲ) ਅਕਾਲੀ ਦਲ ਦੀਆਂ ਦੋਨੋਂ ਧਿਰਾ ਕੁਰਸੀ ਨੂੰ ਚੰਮੜੇ ਰਹਿਣ ਲਈ ਜਾਂ ਕੁਰਸੀ ਹਾਸਿਲ ਕਰਨ ਲਈ ਬੇਅਸੂਲੀਆਂ ਦੇ ਗੁਨਾਹਗਾਰ ਹਨ। ਇਹਨਾਂ ਦੀ ਸਾਰੀ ਸਿਆਸਤ ਫਿਰਕੂ ਅਤੇ ਪਿਛਾਕੜ ਹੈ, ਜਿਸਦੇ ਵਿਰੁਧ ਸਾਡਾ ਸੰਘਰਸ਼ ਅਤੇ ਵਿਚਾਰਧਾਰਕ ਲੜਾਈ ਜ਼ਰੂਰੀ ਹੈ।

(ਸ) ਭਾਰਤੀ ਜੰਤਾ ਪਾਰਟੀ ਭਾਰਤ ਵਿਚ ਹਿੰਦੂ ਵੋਟ ਲਈ ਕਾਂਗਰਸ ਦੀ ਇਕ ਸ਼ਰੀਕ ਹੈ, ਪੰਜਾਬ ਬਾਰੇ ਇਸ ਪਾਰਟੀ ਦੀ ਸਾਰੀ ਸੋਚ ਅਤੇ ਪਹੁੰਚ ਪੂਰੀ ਤਰ੍ਹਾਂ ਫਿਰਕੂ ਅਤੇ ਹਿੰਦੂ ਸ਼ਾਵਨਵਾਦੀ ਹੈ। ਪੰਜਾਬ ਦੇ ਹੋਰ ਹਿੰਦੂ ਸੰਗਠਨ ਵੀ ਕਿਸੇ ਤਰ੍ਹਾਂ ਵੀ ਪੰਜਾਬ ਦੇ ਹਿੱਤ ਵਿਚ ਨਹੀਂ ਹਨ। ਉਹਨਾਂ ਦੀਆਂ ਕਾਰਵਾਈਆਂ ਅਤੇ ਦਿਤੇ ਬਿਆਨ ਪੰਜਾਬ ਵਿਚ ਸਿੱਖ ਅੱਤਵਾਦ ਅਤੇ ਪੰਜਾਬ ਤੋਂ ਬਾਹਰ ਹਿੰਦੂ ਅੱਤਵਾਦ ਦੇ ਸਹਾਈ ਹਨ। ਪੰਜਾਬ ਦੀ ਹਿੰਦੂ ਜਨਤਾ ਨੂੰ ਉਹਨਾਂ ਦੀਆਂ ਗ਼ਲਤ ਕਾਰਵਾਈਆਂ ਬਾਰੇ ਖਬਰਦਾਰ ਕਰਨਾ ਸਾਡੀ ਲੋਕ ਲਾਮਬੰਦੀ ਦਾ ਇਕ ਜ਼ਰੂਰੀ ਭਾਗ ਹੈ।

(ਹ) ਸੀ. ਪੀ. ਆਈ ਅਤੇ ਸੀ. ਪੀ. ਐਮ ਪਾਰਟੀਆਂ ਫਿਰਕੂ ਅਤਿਵਾਦ ਦੇ ਖ਼ੂਰੀ ਤਰ੍ਹਾਂ ਵਿਰੁੱਧ ਹੁੰਦਿਆਂ ਹੋਇਆਂ ਵੀ ਅਤੇ ਇਸ ਮੰਤਵ ਲਈ ਜੰਤਕ ਲਾਮਬੰਦੀ ਯਕੀਨ ਰਖਦਿਆਂ ਹੋਇਆਂ ਤੇ ਜੰਤਕ ਕਾਰ-ਵਾਈਕਰਦਿਆਂ ਹੋਇਆਂ ਵੀ ਅਤਿਵਾਦ ਨੂੰ ਜਨਮ ਦੇਣ ਵਾਲੀਆਂ ਕੇਂਦਰੀ ਸਰਕਾਰ ਦੀ ਨੀਤੀਆਂ ਵਿਰੁੱਧ ਬੋਲਣਾ ਠੀਕ ਨਹੀਂ ਸਮਝਦੀਆਂ। ਸਗੋਂ ਉਹ ਬਹੁਤ ਵਾਰ ਕੇਂਦਰ ਨੂੰ ਹੋਰ ਸਖ਼ਤ ਹੋਣ ਲਈ ਪ੍ਰੇਰਦੀਆਂ ਹਨ ਤੇ ਇਹ ਕਰਦਿਆਂ ਪੰਜਾਬ ਦੇ ਸਾਧਾਰਨ ਲੋਕਾਂ ਉਤੇ ਹੋ ਰਹੇ ਜੱਬਰ ਬਾਰੇ ਥਿੜਕਵਾਂ ਸਟੈਂਡ ਲੈਂਦੀਆਂ ਹਨ। ਕਮਿਊ-ਨਿਸਟ ਇਨਕਲਾਬੀਆਂ ਨਾਲੋਂ ਉਹਨਾਂ ਦਾ ਇਸ ਮੁੱਦੇ ਤੇ ਪੂਰਾ ਇਖਤਲਾਫ ਹੈ। ਇਹਨਾਂ ਪਾਰਟੀਆਂ ਨਾਲ ਕਈ ਥਾਂ ਸਾਂਝੇ ਐਕਸ਼ਨ ਕਰਦਿਆਂ ਇਸ ਨੁਕਤੇ ਉਤੇ ਪਾਰਟੀਆਂ ਨਾਲ ਵਿਚਾਰਧਾਰਕ ਪੱਧਰ ਤੇ ਸੰਘਰਸ਼ ਜ਼ਰੂਰੀ ਹੈ।

ਪੰਜਾਬ ਦੇ ਮੱਸਲੇ ਬਾਰੇ ਇਹਨਾਂ ਬੁਨਿਆਦੀ ਧਾਰ-ਨਾਵਾਂ ਨੂੰ ਆਧਾਰ ਬਣਾ ਕੇ ਕਮਿਊਨਿਸਟ ਇਨਕਲਾਬੀਆਂ ਦੀਆਂ ਸਾਂਝੀਆਂ ਕਾਰਵਾਈਆਂ ਵਿੱਢੀਆਂ ਜਾ ਸਕਦੀਆਂ ਹਨ। ਜੱਬਰ ਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ, ਜਿਸ ਵਿਚ ਕਮਿਊਨਿਸਟ ਇਨਕਲਾਬੀਆਂ ਦੀਆਂ ਛੇ ਧਿਰਾਂ ਸ਼ਾਮਲ ਹਨ, ਪਿਛਲੇ ਕੁਝ ਚਿਰ ਤੋਂ ਫਿਰਕੂ ਜਬਰ ਅਤੇ ਹਕੂਮਤੀ ਜਬਰ ਵਿਰੁਧ ਵਿਸ਼ਾਲ ਪੱਧਰ ਤੇ ਲੋਕਾ ਵਿਚ ਲਾਮਬੰਦੀ ਕਰ ਰਿਹਾ ਹੈ। ਇਨਕਲਾਬੀ ਏਕਤਾ ਕੇਂਦਰ ਨੇ 16 ਦਸੰਬਰ ਦੀ ਅਪਣੀ ਮੀਟਿੰਗ ਵਿਚ ਪੰਜਾਬ ਮਸਲੇ ਬਾਰੇ ਅਪਣੀ ਸਾਂਝੀ ਸੋਚ ਬਣਾਈ ਹੈ ਅਤੇ ਇਸ ਦੇ ਜਮਹੂਰੀ ਅਤੇ ਸਿਆਸੀ ਹੱਲ ਲਈ 17 ਮੰਗਾਂ ਦਾ ਇਕ ਚਾਰਟਰ ਬਣਾਕੇ ਜਨ ਸੰਘਰਸ਼ ਵਿਢਿਆ ਹੈ। ਫ਼ਰੰਟ ਅਤੇ ਕੇਂਦਰ ਵਿਚ ਕੁਝ ਧਿਰਾਂ ਸਾਂਝੀਆਂ ਹਨ। ਇਸ ਲਈ

ਜਿੰਨਾ ਚਿਰ ਪੂਰੀ ਏਕਤਾ ਨਹੀਂ ਹੁੰਦੀ ਇਹ ਦੋਨੋ ਜਥੇਬੰਦੀਆਂ ਇਕ ਦੂਜੇ ਦੀਆਂ ਸਹਿਯੋਗੀ ਹੋਣ ਦੀ ਭੂਮਿਕਾ ਨਿਭਾ ਸਕਦੀਆਂ ਹਨ ਤੇ ਇਸ ਨਾਅਰੇ ਨੂੰ **'ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਤਾਕਤਾਂ ਦਾ ਏਕਾ–ਜ਼ਿੰਦਾਬਾਦ'** ਅਮਲੀ ਰੂਪ ਦਿਤਾ ਜਾ ਸਕਦਾ ਹੈ।

o **ਬ੍ਰਹਮਪੁਰਾ ਕਾਂਡ-ਲੋਕ ਦੋਖੀ ਸਰਕਾਰ ਦੀ ਦਮਨ ਮਸ਼ੀਨਰੀ ਹਰਕੱਤ ਵਿਚ,** ਭਾਰਤ ਵਿਚ ਜੋ ਨਿਜ਼ਾਮ ਚਲ ਰਿਹਾ ਹੈ, ਉਹ ਬੁਨਿਆਦੀ ਤੌਰ ਤੇ ਲੋਕ ਦੁਸ਼ਮਣ ਹੈ'। ਇਸ ਦਾ ਪ੍ਰਗਟਾਵਾ ਹਰ ਦੂਜੇ ਦਿਨ ਦੇਸ਼ ਵਿਚ ਕਿਸੇ ਨਾਂ ਕਿਸੇ ਐਸੀ ਘਟਨਾ ਰਾਹੀ ਹੁੰਦਾ ਹੈ, ਜਦੋਂ ਸਰਕਾਰ ਦੀ ਦਮਨ ਮਸ਼ੀਨਰੀ ਹਰਕਤ ਵਿਚ ਆਂਦੀ ਹੈ। ਬ੍ਰਹਮ-ਪੁਰਾ 'ਚ ਸੀ.ਆਰ.ਪੀ.ਐਫ. ਹਰਕਤ ਚ ਆਈ ਹੈ। ਪਿੰਡ ਦਾਉਂਕੇ ਵਿਚ ਕੁਝ ਸਾਲ ਪਹਿਲਾਂ ਪੰਜਾਬ ਪੁਲਸ ਹਰਕਤ ਵਿਚ ਆਈ ਸੀ ਤੇ ਜੂਨ 1984 ਤੋਂ ਬਾਅਦ ਪੰਜਾਬ ਦੇ ਪਿੰਡਾਂ ਨੇ ਫੌਜ ਦਾ ਵੀ ਇਹੋ ਘਿਣਾਉਣਾ ਚਿਹਰਾ ਦੇਖਿਆ ਗਿਆ ਸੀ। ਦਾਉਂਕਿ ਵੇਲੇ 'ਪੰਜਾਬ ਪੁਲਸ ਮੁਰਦਾਬਾਦ' ਦੇ ਨਾਅਰੇ ਲਗੇ ਸਨ। ਫੌਜੀ ਜ਼ੁਲਮ ਵੇਲੇ ਫੌਜ ਦਾ ਦਮਨ ਬੰਦ ਕਰੋ' ਦੇ ਨਾਅਰੇ ਲਗੇ ਸਨ। ਬ੍ਰਹਮਪੁਰਾ ਵੇਲੇ ਸੀ. ਆਰ. ਪੀ. ਐਫ. ਮੁਰਦਾਬਾਦ' ਦੇ ਨਾਅਰੇ ਲਗੇ ਹਨ। ਡੇਰਾ ਬਾਬਾ ਨਾਨਕ ਵੇਲੇ ਬੀ. ਐਸ. ਐਫ. ਮੁਰਦਾਬਾਦ' ਦੇ ਨਾਅਰੇ ਲਗੇ ਸਨ, ਇਸ ਵਕਤੀ ਵਿਦਰੋਹ ਵਿਚ **ਅਸਲੀ ਸ਼ੈਗਨ** ਅਖੋਂ ਪਰੋਖੇ ਹੀ ਰਹਿੰਦਾ ਜੋ ਆਪਣੀ ਜਾਬਰ ਮਸ਼ੀਨਰੀ ਭਾਵੇਂ ਉਹ ਨੀਮ ਫੌਜੀ ਦਸਤੇ ਹੋਣ, ਭਾਵੇਂ ਫੌਜੀ ਦਸਤੇ ਹੋਣ, ਭਾਵੇਂ ਪੁਲਸੀ ਦਸਤੇ ਹੋਣ, ਨੂੰ ਸਿਖਲਾਈ ਹੀ ਇਸ ਕਿਸਮ ਦੀ ਦੇਂਦਾ ਹੈ ਕਿ ਉਹ ਲੋਕਾਂ ਨੂੰ ਦਬਾਉਣ ਅਤੇ ਕੁਚਲਣ ਵਿਚ ਹੀ ਯਕੀਨ ਰੱਖਣ। ਇਸ ਦਮਨ ਮਸ਼ੀਨਰੀ ਵਿਰੁੱਧ ਅਸੀਂ ਇਕ ਵਿਆਪਕ ਲਹਿਰ ਹਾਲੀ ਤਕ ਨਹੀਂ ਚਲਾ ਸਕੇ। ਬ੍ਰਹਮਪੁਰਾ ਵਿਚ ਬੋਲਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਇਮ ਮੁਕਾਮ ਜਥੇਦਾਰ ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਹੋਰਾਂ ਇਹ ਮੰਗ ਕੀਤੀ ਕਿ ਸੀ. ਆਰ. ਪੀ. ਐਫ. ਨੂੰ ਪੰਜਾਬ ਤੋਂ ਵਾਪਸ ਬੁਲਾ ਲਿਆ ਜਾਏ। ਉਹਨਾਂ ਦਾ ਇਹ ਕਹਿਣਾ ਇਕ ਕਿਸਮ ਦਾ ਪੰਜਾਬ ਪੁਲਸ ਨੇ ਨੇਕ ਚਲਣੀ ਦਾ ਸਰਟੀਫੀਕੇਟ ਦੇਣਾ ਹੈ। ਉਹਨਾਂ ਨੂੰ ਭੁਲ ਨਹੀਂ ਜਾਣਾ ਚਾਹੀਦਾ ਪਿੰਡ ਦਾਉਕਿ ਪੰਜਾਬ ਪੁਲਸ ਨੂੰ ਔਰਤਾਂ ਦੀ ਅਤੇ ਗੁਰੂ ਗਰੰਥ ਸਾਹਿਬ ਦੀ ਘੋਰ ਨਿਰਾਦਰੀ ਕੀਤੀ ਸੀ। ਫੌਜ ਅਤੇ ਨੀਮ ਫੌਜ ਦੇ ਉਹ ਦਸਤੇ ਜਿਨ੍ਹਾਂ ਵਿਚ ਸਿਖ ਵੀ ਸ਼ਾਮਲ ਹਨ, ਕਸ਼ਮੀਰ ਅਤੇ ਦੂਰ ਨੇਫਾਂ ਵਿਚ ਔਰਤਾਂ ਅਤੇ ਬੱਚਿਆਂ ਉਤੇ ਜ਼ੁਲਮ ਢਾਉਣ ਦੇ ਗੁਨਾਹਗਾਰ ਹਨ। ਜਬਰ ਸਰਕਾਰੀ ਮਸ਼ੀਨਰੀ ਕਰ ਰਹੀ ਹੈ ਤੇ ਇਸ ਵਿਚ ਸਾਰੇ ਫਿਰਕੇ ਸ਼ਾਮਲ ਹਨ। ਦਮਨ ਲੋਕਾਂ ਉਤੇ ਹੁੰਦਾ ਹੈ, ਇਸ ਵਿਚ ਵੀ ਸਾਰੇ ਫਿਰਕੇ ਸ਼ਾਮਲ ਹਨ। ਹਰ ਯਤਨ ਇਸ ਤਰ੍ਹਾਂ ਕੀਤਾ ਜਾਏ ਕਿ ਦਮਨ ਵਿਰੋਧੀ ਲਹਿਰ ਕੋਈ ਫਿਰਕੂ ਰੰਗਤ ਨਾ ਲਵੇ। ਇਸ ਸਿਲਸਿਲੇ ਵਿਚ ਹਿੰਦੂ ਜਥੇਬੰਦੀਆਂ ਦਾ ਸੀ. ਆਰ. ਪੀ..ਐਫ. ਦੇ ਹੱਕ ਵਿਚ ਬਿਆਨ ਦੇਣਾ ਵੀ ਬੜਾ ਖ਼ਤਰਨਾਕ ਹੈ, ਇਸ ਸਿਲਸਿਲੇ ਵਿਚ ਇੰਟਰਨੈਸ਼ਨਲਿਸਟ ਡੈਮੋਕਰੇਟਿਕ ਪਾਰਟੀ (ਆਈ. ਡੀ. ਪੀ.) ਵਲੋਂ ਜਾਰੀ ਕੀਤੇ ਇਕ ਲੀਫਲੈਟ 'ਬ੍ਰਹਮਪੁਰਾ ਕਾਂਡ ਦੇ ਦੋਸ਼ੀ ਗ੍ਰਿਫ-ਤਾਰ ਕਰੋ' ਦਾ ਨੋਟਿਸ ਲੈਣਾ ਜ਼ਰੂਰੀ ਹੈ। ਆਈ.ਡੀ.ਪੀ. ਦੇ ਵਰਕਰਾਂ ਤੇ ਬ੍ਰਹਮਪੁਰਾ ਵਿਚ ਕਾਫੀ ਸਰਗਰਮੀ ਵਿਖਾਈ ਹੈ, ਘਟਨਾ ਦੇ ਫੌਰਨ ਬਾਅਦ ਪਿੰਡ ਵਿਚ ਪੁੱਜਕੇ ਸਾਰੀ ਘਟਨਾ ਦਾ ਜਾਇਜ਼ਾ ਵੀ ਲਿਆ ਹੈ ਪਰ ਆਪਣੇ ਜਾਇਜ਼ੇ ਨੂੰ ਬਿਆਨ ਕਰਨ ਵਿਚ ਉਹਨਾਂ ਨੇ ਸੀ.ਆਰ. ਪੀ. ਐਫ. ਦੇ ਘੋਰ ਦਮਨ ਨੂੰ ਉਸ ਫੋਰਸ ਦੀ ਫਿਰਕੂ ਜਨੂੰਨੀ ਜ਼ਹਿਨੀਅਤ ਦਾ ਕਾਰਨ ਹੀ ਦਸਿਆ ਹੈ। ਇਹ ਸਟੇਟ ਦੀ ਜਾਬਰ ਮਸ਼ੀਨਰੀ ਦਾ ਸਹੀ ਵਿਸ਼ਲੇਸ਼ਣ ਨਹੀਂ। ਸੀ. ਆਰ ਪੀ. ਐਫ. ਦੇ ਦਸਤਿਆਂ ਵਲੋਂ ਜਦੋਂ ਬਿਹਾਰ ਕਸ਼ਮੀਰ ਜਾਂ ਨੇਫਾ ਵਿਚ ਦਮਨ ਕੀਤਾ ਜਾਂਦਾ ਹੈ ਤਾਂ ਉਹ ਦਾ ਕਾਰਨ ਕਿਹੜੀ ਜ਼ਹਿਨੀਅਤ ਹੁੰਦਾ ਹੈ ? ਇੰਟਰਨੈਸ਼-ਨਲ ਡੈਮੋਕਰੇਟਿਕ ਪਾਰਟੀ ਦੀ ਮੋਰਚਾ ਕਮੇਟੀ ਵਲੋਂ 19 ਜਨਵਰੀ ਤੋਂ ਤਰਨ ਤਾਰਨ ਕਚੈਹਰੀ ਅਗੇ ਭੁੱਖ ਹੜਤਾਲ ਰੱਖੀ ਜਾ ਰਹੀ ਹੈ ਉਸ ਦੀ ਮੰਗ ਹੈ ਕਿ ਸੀ. ਆਰ. ਪੀ. ਐਫ. ਦੇ ਦੋਸ਼ੀਆਂ ਨੂੰ ਜਿਨ੍ਹਾਂ ਦੇ ਵਿਰੁੱਧ ਸਰਹਾਲੀ ਥਾਨੇ ਵਿਚ ਐਫ. ਆਈ. ਆਰ. ਦਰਜ ਕੀਤੀ ਗਈ ਹੈ, ਹੱਥਕੜੀਆਂ ਲਾ ਕੇ ਕਚੈਹਰੀ ਵਿਚ ਪੇਸ਼ ਕੀਤਾ ਜਾਏ। ਇਹ ਕਰਨਾ ਸਲਾਹੁਣਾ ਯੋਗ ਕਦਮ ਹੈ, ਪਰ ਇਹ ਹੋਰ ਵੀ ਅਸਰਦਾਇਕ ਹੋ ਜਾਂਦਾ ਜੇ ਇਸ ਦੇ ਨਾਲ ਇਹ ਵੀ ਮੰਗ ਸ਼ਾਮਿਲ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਲੋਕਾਂ ਨੇ ਤਰਨ ਤਾਰਨ ਵਿਚ ਬੀਬੀ ਅਮਰਜੀਤਕੌਰ, ਉਹਦੀਆਂ ਦੋ ਧੀਆਂ ਇਕ ਘਰ ਵਿਕ ਰਹਿੰਦੀ ਹੋਰ ਔਰਤ ਦਾ ਬੇਰਹਿਮੀ ਨਾਲ ਕਤਲ ਕੀਤਾ ਹੈ, ਉਹਨਾਂ ਦੀ ਸਿੱਖ ਸਮੂੰਹ ਵਲੋਂ ਬਾਈਕਾਟ ਕੀਤਾ ਜਾਏ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਉਹਨਾਂ ਦੇ ਵਿਰੁਧ ਹੁਕਮ-ਨਾਮਾ ਜਾਰੀ ਕਰਨ ਕਿਉਂਕਿ ਇਹ ਕਤਲ 'ਸਿੰਘਾਂ' ਨੇ ਸਿੱਖੀ ਦਾ ਘੋਰ ਅਪਮਾਨ ਕਰਦੇ ਹੋਏ ਕੀਤੇ ਹਨ। ਜ਼ਬਰ ਭਾਵੇਂ ਸਰਕਾਰੀ ਦਸਤਿਆਂ ਵਲੋਂ ਕੀਤਾ ਜਾਏ ਭਾਵੇਂ 'ਸਿੰਘਾਂ' ਵਲੋਂ ਕੀਤਾ ਜਾਏ, ਦੋਨੋਂ ਤਰ੍ਹਾਂ ਹਰ ਸਹੀ ਸੋਚ ਵਾਲੇ ਵਿਅਕਤੀ ਵਲੋਂ ਨਿੰਦਿਆ ਜਾਣਾ ਚਾਹੀਦਾ ਹੈ। ਇਸ ਗਲੋਂ ਜ਼ਬਰ ਤੇ ਫਿਰਕਾ ਪ੍ਰਸਤੀ ਫਰੰਟ ਦਾ ਇਹ ਨਾਅਰਾ 'ਕਤਲੋਗਾਰਦ ਦੇ ਜ਼ਿਮੇਂਵਾਰ-ਫਿਰਕੂ ਟੋਲੇ ਤੇ ਸਰਕਾਰ, ਹਾਲਤ ਦੀ ਸਹੀ ਤਰਜਮਾਨੀ ਕਰਦਾ ਹੈ।

ਸਰਕਾਰੀ ਅਤੇ ਫਿਰਕੂ ਜਬਰ ਵਿਰੁੱਧ ਜਿੰਨੀ ਵੀ ਸਾਂਝੀ ਲਾਮਬੰਦੀ ਕੀਤੀ ਜਾ ਸਕੇ ਉਨੀ ਸਾਧਾਰਨ ਲੋਕਾਂ ਲਈ ਲਾਭਦਾਇਕ ਹੈ।

**ਗੋਲਮੇਜ਼ ਕਾਨਫਰੰਸ :**

ਕਿਸੇ ਉਲਝੇ ਹੋਏ ਮਸਲੇ ਨੂੰ ਸੁਲਝਾਉਣ ਲਈ ਵੱਖ ਵੱਖ ਸੋਚ ਰੱਖਣ ਵਾਲੀਆਂ ਧਿਰਾਂ ਦੀ ਆਪਸੀ ਸੋਚ ਵਿਚਾਰ ਇਕ ਰਾਹ ਹੋ ਸਕਦਾ ਹੈ। ਪੰਜਾਬ ਦੇ ਮਸਲੇ ਦੇ ਦੋ ਰੂਪ ਹਨ, ਇਕ ਤਾਂ ਉਹ ਰੂਪ ਹੈ, ਜਿਸ ਵਿਚ ਇਸ ਮਸਲੇ ਨੂੰ ਜੜ੍ਹੋਂ ਪਛਾਣਕੇ ਇਹਦਾ ਸਥਾਈ ਹੱਲ ਲਭਣਾ ਹੈ ਅਤੇ ਦੂਜਾ ਰੂਪ ਹੈ ਕਿ ਇਹ ਜਿਹੇ ਹਾਲਾਤ ਪੈਦਾ ਕੀਤੇ ਜਾਣ ਜਿਸਦੇ ਨਾਲ ਕਤਲੋਗ਼ਾਰਤ ਬੰਦ ਹੋ ਸਕੇ ਤੇ ਅਸੁਰਖਿਆ ਵਾਲੇ ਜੀਵਨ ਦੀ ਥਾਂ ਇਕ ਸੁਖਾਵਾਂ ਮਾਹੌਲ ਹੋਵੇ, ਜਿਥੋਂ ਤੱਕ ਇਸ ਮਸਲੇ ਦੀਆਂ ਜੜ੍ਹਾਂ ਦਾ ਸੰਬੰਧ ਹੈ, ਉਹ ਮੌਜੂਦਾ ਨਿਜ਼ਾਮ ਦੀ ਦੇਣ ਹਨ। ਭਾਰਤ ਵਿਚ ਵੱਖ ਵੱਖ ਕੌਮੀਅਤਾਂ ਆਪਣੀ ਪਹਿਚਾਣ ਲਈ ਸੰਘਰਸ਼ ਕਰ ਰਹੀਆਂ ਹਨ, ਉਹਨਾਂ ਦਾ ਗਿਲਾ ਹੈ ਕਿ ਬਹੁਗਿਣਤੀ ਫਿਰਕੇ ਦੇ ਲੋਕ ਉਹਨਾਂ ਦੇ ਧਰਮ ਅਤੇ ਸਭਿਆਚਾਰ ਨੂੰ ਖਤਮ ਕਰਨਾ ਚਾਹੁੰਦੇ ਹਨ, ਪਰ ਇਸ ਨਿਜ਼ਾਮ ਦਾ ਸਿਰਫ ਇਹ ਮਸਲਾ ਨਹੀਂ। ਇਹ ਸਾਰਾ ਨਿਜ਼ਾਮ ਬੇਇਨਸਾਫੀ ਉਤੇ ਹੀ ਚਲ ਰਿਹਾ ਹੈ। ਵੀਹਵੀਂ ਸਦੀ ਵਿਚ ਜੇਕਰ ਕਿਸੇ ਦੇਸ਼ ਦੀ ਅੱਧ ਤੋਂ ਵੱਧ ਆਬਾਦੀ ਭੁੱਖਮਰੀ ਦੇ ਪੱਧਰ ਥਲੇ ਜੀ ਰਹੀ ਹੋਵੇ ਜਾਂ ਉਹਦੀ 70 ਫੀਸਦੀ ਆਬਾਦੀ ਅਨਪੜ੍ਹ ਹੋਵ ਜਾਂ 85 ਫੀਸਦੀ ਆਬਾਦੀ ਐਸੀ ਹੋਵੇ ਜੋ ਜ਼ਿੰਦਗੀ ਵਿਚ ਕਈ ਹਸਪਤਾਲ ਦੀ ਸ਼ਕਲ ਨਾ ਦੇਖ ਸਕੀ ਤਾਂ ਇਹ ਵੀ ਕੋਈ ਛੋਟੇ ਮਸਲੇ ਨਹੀਂ ਹਨ। ਸੋ ਇਹਨਾਂ ਸਾਰਿਆਂ ਮਸਲਿਆਂ ਬਾਰੇ ਜਿਨ੍ਹਾਂ ਵਿਚ ਕੌਮੀਅਤਾ ਦੀ ਮੁਕਤੀ ਦਾ ਵੀ ਮਸਲਾ ਹੈ, ਇਸ ਨਿਜ਼ਾਮ ਨੂੰ ਜੜ੍ਹੋਂ ਮੁਕਾਉਣ ਨਾਲ ਹੀ ਹਲ ਹੋ ਸਕਦੇ ਹਨ ਪਰ ਇਹਦਾ ਇਹ ਮਤਲਬ ਨਹੀਂ ਕਿ ਕਿਸੇ ਮਸਲੇ ਨੂੰ ਆਰਜ਼ੀ ਤੌਰ ਤੇ ਹੱਲ ਕਰਨ ਦੇ ਯਤਨ ਛੱਡ ਦਿਤੇ ਜਾਣ। ਭਾਰਤ ਦੀ ਸਿਆਸਤ ਦੀ ਉਸ ਧਿਰ, ਜਿਹੜੀ ਭਾਰਤ ਵਿਚ ਇਨਕਲਾਬ ਦੀ ਚਾਹਵਾਨ ਹੈ, ਉਹਦਾ ਫਰਜ਼ ਹੈ ਕਿ ਉਹ ਲੋਕਾਂ ਨੂੰ ਆਪਣੀ ਸਿਆਸਤ ਵਲ ਸੇਧਤ ਰਖਣ ਦਾ ਯਤਨ ਕਰੇ ਅਤੇ ਉਹ ਮਸਲੇ ਜੋ ਆਰਜ਼ੀ ਤੌਰ ਤੇ ਲੋਕਾਂ ਦਾ ਧਿਆਨ ਮੱਲੀ ਬੈਠੇ ਹਨ, ਉਹਨਾਂ ਨੂੰ ਹਲ ਕਰਨ ਦਾ ਯਤਨ ਕਰੇ। ਪਿਛਲੇ ਮਹੀਨੇ ਜਦੋਂ ਸਮਤਾ ਵਿਚ ਗੋਲਮੇਜ਼ ਕਾਨਫਰੰਸ ਲਈ ਸੱਦਾ ਦਿਤਾ ਗਿਆ ਸੀ ਤੇ ਇਹਦਾ ਇਕੋ ਮੰਤਵ ਸੀ ਕਿ ਇਸ ਮਸਲੇ ਨੂੰ ਹੱਲ ਕਰਨ ਦੇ ਯਤਨ ਸਾਹਮਣੇ ਲਿਆਏ ਜਾਣ ਤਾਂ ਜੋ ਗਲਤ ਸ਼ਕਤੀਆਂ ਲੋਕਾਂ ਵਿਚੋਂ ਨਖੇੜੀਆਂ ਜਾ ਸਕਣ। 'ਜਨਤਕ ਲੀਹ' ਪਰਚੇ ਵਿਚ ਇਸ ਪਹੁੰਚ ਬਾਰੇ ਕਿੰਤੂ ਕਰਦੇ ਹੋਏ ਇਹ ਲਿਖਿਆ ਗਿਆ ਹੈ ਕਿ ਇਹ ਸੱਦਾ ਇਕ ਕਿਸਮ ਦਾ ਕਾਤਲਾਂ ਨੂੰ ਜਾਂ ਦੋਨੋਂ ਫਿਰਕਿਆ ਦੇ ਅੱਤਵਾਦੀਆਂ ਨੂੰ ਮਾਨਤਾ ਦੇਣ ਦੇਣ ਬਰਾਬਰ ਹੈ। 'ਜਨਤਕ ਲੀਹ' ਦੀ ਇਹ ਟਿਪਣੀ ਅਖਬਾਰ ਵਿਚ ਮੇਰੇ ਵਲੋਂ ਦਿਤੇ ਗਏ ਕਿਸੇ ਪ੍ਰੈਸ ਬਿਆਨ ਤੇ ਆਧਾਰਤ ਸੀ। ਜੋ ਕਿ ਅਧੂਰਾ ਹੀ ਛਪਿਆ ਹੋਇਆ ਸੀ। ਜਨਤਕ ਲੀਹ ਦੇ ਫਿਕਰ ਨੂੰ ਸਹੀ ਠਹਿਰਾਉਂਦਾ ਹੋਇਆ ਮੈਂ ਇਥੇ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਜੇ ਮੈਂ ਜੇਕਰ ਗੋਲਮੇਜ ਦੀ ਮੰਗ ਕਰਦਾ ਤਾਂ ਉਹ ਸਿਰਫ ਦੋਨਾਂ ਫਿਰਕਿਆਂ ਦੇ ਅੱਤਵਾਦੀਆਂ ਨਾਲ ਨਹੀਂ, ਸਾਰੀਆਂ ਧਿਰਾਂ ਦੀ ਕਾਨਫਰੰਸ ਦੀ ਮੰਗ ਕਰਦਾ ਹਾ, ਜਿਸ ਵਿਚ ਸਿੱਖਾਂ ਅਤੇ ਹਿੰਦੂਆਂ ਦੀਆਂ ਧਿਰਾਂ ਹਰਿਆਨਾ ਰਾਜਸਥਾਨ ਦੀਆਂ ਧਿਰਾਂ, ਪੰਜਾਬ ਤੋਂ ਬਾਹਰ ਸਿੱਖਾਂ ਦੀਆਂ ਸੰਸਥਾਵਾਂ, ਭਾਰਤ ਦੀਆਂ ਸਰਕਾਰੀ ਅਤੇ ਵਿਰੋਧੀ ਪਾਰਟੀਆਂ ਦੀਆਂ ਧਿਰਾਂ ਅਤੇ ਭਾਰਤ ਅਤੇ ਪੰਜਾਬ ਦੀਆਂ ਡੈਮੋਕਰੇਟਿਕ ਅਤੇ ਸੈਕੂਲਰ ਧਿਰਾਂ ਦੀ ਸ਼ਮੂਲੀਅਤ ਹੋਵੇ। ਇਹ ਗੋਲਮੇਜ਼ ਲੋਕਾਂ ਨੂੰ ਮਸਲੇ ਨੂੰ ਸਹੀ ਰੰਗ ਵਿਚ ਵੇਖਣ ਵਿਚ ਜ਼ਰੂਰ ਸਹਾਇਤਾ ਕਰੇਗਾ। 18-19 ਜਨਵਰੀ ਚੰਡੀਗੜ੍ਹ, ਪੰਜਾਬ ਫੋਰਮ ਵਲੋਂ ਇਹੋ ਜਿਹੀ ਇਕ ਗੋਲ-ਮੇਜ਼ ਕਾਨਫਰੰਸ ਹੋਈ ਵੀ ਹੈ। ਇਹ ਭਾਵੇਂ ਹਾਲੇ ਕਾਫੀ ਨਹੀਂ ਪਰ ਜੋ ਖਬਰਾਂ ਮਿਲਦੀਆ ਹਨ, ਉਸ ਵਿਚ ਪਰ-ਨਾਬ ਮੁਦਰਜੀ ਨੇ ਇਹ ਭੇਦ ਖੋਲ੍ਹਿਆ ਹੈ ਕਿ ਪੰਜਾਬ ਸਮਝੌਤੇ ਦੇ ਕਈ ਮੱਦਾਂ ਬਾਰੇ ਪ੍ਰਧਾਨ ਮੰਤਰੀ ਵੀ ਅਤੇ ਬਰਨਾਲਾ ਵੀ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਇਹ ਉਹਨੇ ਸਮਝੌਤੇ ਵੇਲੇ ਦੀਆਂ ਹੋਈਆਂ ਮੀਟਿੰਗਾਂ ਦੇ ਆਧਾਰ ਉਤੇ ਕਿਹਾ ਹੈ। ਜਿਨ੍ਹਾਂ ਵਿਚ ਉਹ ਆਪ ਸ਼ਾਮਲ ਸੀ। ਚੰਦਰ ਸ਼ੇਖਰ ਨੇ ਵੀ ਮਾਮਲੇ ਨੂੰ ਸਹੀ ਪ੍ਰਪੇਖ ਵਿਚ ਪੇਸ਼ ਕਰਨ ਦੇ ਯਤਨ ਕੀਤੇ। ਕੋਈ ਹੋਰ ਗੋਲਮੇਜ਼ ਕਾਨਫਰੰਸ ਵਿਚ ਜੇਕਰ ਪ੍ਰਕਾਸ਼ ਸਿੰਘ ਬਾਦਲ ਅਤੇ ਦੇਵੀ ਦਿਆਲ ਦੇ ਦਰਮਿਆਨ ਹੋਏ ਸਮਝੌਤੇ ਜਿਨ੍ਹਾਂ ਉਤੇ ਇਹਨਾਂ ਦੋਨਾਂ ਦੇ ਦਸਖਤ ਹਨ, ਲੋਕਾਂ ਅਗੇ ਪੇਸ਼ ਕੀਤੇ ਜਾਣ ਤਾਂ ਸਤਲੁਜ ਯਮਨਾ ਨਹਿਰ ਬਾਰੇ ਸੱਚ ਵੀ ਸਾਹਮਣੇ ਆ ਸਕਦਾ ਹੈ। ਸੋ ਗੋਲਮੇਜ਼ ਕਾਨਫਰੰਸ ਕਿਸੇ ਮਸਲੇ ਨੂੰ ਹੱਲ ਕਰਨ ਦਾ ਇਕ ਯਤਨ ਹੈ। ਆਖਰੀ ਹੱਲ ਨਹੀਂ। oo

o

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ : ਗੁਰੂ ਖਾਲਸਾ ਨਿਵਾਸ ਡਾ; ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ:

## ਪੁਸਤਕ ਪਹਿਚਾਣ : (ਚਾਰ ਕਿਤਾਬਾਂ ਦੀ)

1986 ਦਰਮਿਆਨ ਮੈਗਜ਼ੀਨਾਂ ਵਿਚ ਛਪੇ ਚੰਗੇ ਸਾਹਿਤ ਨੂੰ ਸਾਂਭਣ ਦੇ ਉਪਰਾਲੇ ਵਜੋਂ ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਲੋਂ ਦੋ ਪੁਸਤਕਾਂ ਛਾਪੀਆ ਗਈਆਂ ਹਨ ।

ਸੰਪਾਦਕ ਗੁਰਸ਼ਰਨ ਸਿੰਘ

**1986 ਦੀ ਚੋਣਵੀਂ ਕਵਿਤਾ** ਪੇਪਰ ਬੈਕ ਕੀਮਤ 5/-

ਇਸ ਸੰਗ੍ਰਹਿ ਵਿਚ ਪ੍ਰੀਤਲੜੀ, ਲੋਅ, ਆਰਸੀ ਪੰਜ ਦਰਿਆ ਅਤੇ ਸਮਤਾ ਵਿਚ ਛਪੀਆਂ, ਕਵਿਤਾਵਾਂ ਵਿਚੋਂ ਉਨ੍ਹਾਂ ਕਵਿਤਾਵਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਵਿਚ ਜ਼ਿੰਦਗੀ ਦੀ ਗੱਲ ਸਾਦਾ ਪਰ ਕਲਾਮਈ ਢੰਗ ਨਾਲ ਕੀਤੀ ਗਈ ਹੈ, ਇਸ ਸੰਗ੍ਰਹਿ ਵਿਚ ਸ਼ਾਮਲ ਕਵਿਤਾਵਾਂ ਹਨ : ਧਰਮ/ਇਕਬਾਲਦੀਪ ਮੈਨੂੰ ਦੇਖਣਾ ਬੰਦ ਕਰ ਦਿਓ/ਮਿੰਦਰ, ਮਸਖਰੇ/ਸੋਹਣ ਢੰਡ, ਇਹ ਤੁਹਾਡੀ ਚੁੱਪ/ਅਜਮੇਰ ਕਵੈਂਟਰੀ, ਅੰਤਰ ਝਾਤ/ਹਰਭਜਨ ਸਿੰਘ ਹੁੰਦਲ, ਅਪੀਲ/ਪਰਮਵੀਰ, ਉਹ ਦਿਨ ਜ਼ਰੂਰ ਪਰਤਣਗੇ/ਤਾਰਾ ਸਿੰਘ ਸੰਧੂ, ਗੀਤ ਮਰਿਆ ਨਹੀਂ ਕਰਦੇ/ ਪਿਆਰਾ ਸਿੰਘ ਸਹਿਰਾਈ, ਵਾਪਸੀ/ਸੁਖਚੈਨ ਮਿਸਤਰੀ ਆਖਰੀ ਮਨੁੱਖ ਲਈ/ਡਾ. ਮੋਹਨਜੀਤ, ਉਹ ਤਾਂ ਆਉਣਗੇ/ ਅਮਰਜੀਤ ਕੌਂਕੇ ਨਵੇਂ ਆਏ ਬੱਚੇ ਨੂੰ/ਸੰਤੋਖ ਸਿੰਘ ਧੀਰ, ਕਵਿਤਾ ਸਾਨੂੰ ਮੁਆਫ ਕਰੀਂ/ਅਜਮੇਰ ਰੋਡੇ, ਵਰਗੀ-ਕਰਣ/ਸ਼ਿਵਨਾਥ, ਖਿਡੌਣਿਆਂ ਵਾਲਾ/ਅੰਬਰੀਸ਼, ਲਾਲ ਲੀਕ/ਅਰਸ਼, ਅਨੇਕਵਾਰ ਮਰੀ ਹੈ ਇਹ ਬੱਚੀ/ਪਿਆਰਾ ਸਿੰਘ ਸਹਿਰਾਈ, ਡਮੂੰਹੀ/ਜਗਤਾਰ ਢਾਅ, ਹਨੇਰੇ ਤੋਂ ਚਾਨਣ ਤਕ/ਕਰਨਜੀਤ ਸਿੰਘ, ਐਤਕੀਂ ਦੀ ਫਸਲ/ ਬਲਦੇਵ ਸਿੰਘ ਖੋਤੇ/ਜੋਗਾ ਸਿੰਘ, ਖੁਸ਼ਆਮਦੀਦ/ਧਰਮ ਕੰਮੇਆਣਾ, ਇਹ ਲੋਕ/ਅਜਾਇਬ ਸਿੰਘ ਹੁੰਦਲ, ਪਰਦੇ ਤੋਂ ਪਾਰ/ਕੁਲਬੀਰ, ਪੱਛ/ਸਰਬਜੀਤ ਸਿੰਘ ਬੇਦੀ, ਖਬਰਾਂ/ਸੁਖਚੈਨ ਮਿਸਤਰੀ, ਇਹ ਦਿਨ/ਰਾਜਬੀਰ, ਮਨੁਖਤਾ/ਪਿਆਰਾ ਸਿੰਘ ਸਹਿਰਾਈ ।

**1986 ਦੀ ਚੋਣਵੀਂ ਕਹਾਣੀ** ਪੇਪਰ ਬੈਕ ਕੀਮਤੀ 5/

ਇਹ ਸੰਗ੍ਰਹਿ ਉਹਨਾਂ ਕਹਾਣੀਕਾਰਾਂ ਦੇ ਨਾਂ ਸਮਰਪਿਤ ਹੈ ਜਿਨ੍ਹਾਂ ਜ਼ਿੰਦਗੀ ਦੇ ਯਥਾਰਥ ਨੂੰ ਪਹਿ-ਚਾਣਿਆ ਹੈ ਤੇ ਇਸ ਨੂੰ ਸੋਹਣਾ ਬਨਾਉਣ ਲਈ ਕੁਝ ਕਹਿਣ ਦਾ ਯਤਨ ਕੀਤਾ ਹ। ਇਸ ਸੰਗ੍ਰਹਿ ਵਿਚ ਸ਼ਾਮਲ ਕਹਾਣੀਆਂ ਹਨ । ਸ਼ਾਨੇ-ਪੰਜਾਬ/ਰਘੁਬੀਰ ਢੰਡ,ਮਲਕੀਅਤ ਅਮਰੀਕ ਸਿੰਘ ਦੀਪ ਸੋਨੇ ਦਾ ਕੜਾ/ਨਛੱਤਰ, ਕਮੀਜ਼/ ਭੁਪਿੰਦਰ ਸੂਦਨ, ਧਰਮ ਯੁੱਧ ਜਾਰੀ ਹੈ/ਦਲਬੀਰ ਚੇਤਨ, ਸਰਕਦਾ ਹੋਇਆ ਡਰ/ਰਾਜਿੰਦਰ ਸੋਢੀ

**ਇਕ ਹੋਰ ਚੰਗਾ ਕਾਵਿ ਸੰਗ੍ਰਹਿ-ਸ਼ਬਦ :**

ਸੰਪਾਦਕ ਜਿੰਦਰ ਮੁਲ 5/- ਪ੍ਰਕਾਸ਼ਕ : ਸਤਵੰਤ ਸਿੰਘ, ਸਤਵੰਤ ਪ੍ਰਕਾਸ਼ਨ, ID/272, ਚੰਨ ਮੁਹੱਲਾ, ਜਲੰਧਰ ਇਹ ਸੰਗ੍ਰਹਿ ਆਪਣੇ ਹੀ ਢੰਗ ਨਾਲ ਮੋਟੇ ਕਾਗਜ਼ ਉਤੇ ਛਪਿਆ ਹੈ । ਇਸ ਚੋਣਵੇਂ ਸੰਗ੍ਰਹਿ ਵਿਚ ਸ਼ਾਮਲ ਕਵਿਤਾਵਾਂ ਹਨ : ਸਮਰਪਿਤ ਕਵਿਤਾ/ਦਰਸ਼ਨ ਦਰਵੇਸ਼, ਕੋਈ ਨਹੀਂ ਜਾਣਦਾ/ਲਖਵਿੰਦਰ ਜੌਹਲ, ਅਰਜੋਈ/ਫਤਿਹਜੀਤ, ਕਿਸ ਬੂਹੇ ਫਰਿਆਦ ਕਰਾਂ ? ਹਰਭਜਨ ਸਿੰਘ ਹੁੰਦਲ ਸਾਲਮ ਸਬੂਤੀ ਨਜ਼ਮ/ਪਰਮਿੰਦਰ ਜੀਤ, ਲੋਕਯੁੱਧ/ਧਰਮ ਕੰਮੇਆਣਾ, ਸੁਲਘ ਰਹੇ ਸ਼ਬਦ/ ਗੁਲਵੰਤ ਮਲੌਦਵੀ, ਸਾਥੋਂ ਹੁਜਰੇ ਨਾ ਬੈਠਿਆ ਜਾਂਦਾ ਈ. ਓ./ਪਿਆਰਾ ਸਿੰਘ ਸਹਿਰਾਈ, ਅਸੀਂ ਕੀ ਜਵਾਬ ਦੇਵਾਂਗੇ ?/ਰਾਜਿੰਦਰ ਸੋਢੀ, ਨਜ਼ਮ/ਬਲਬੀਰ ਮਾਧੋਪੁਰੀ, ਆਓ ਪਿੰਡ ਚਲੀਏ/ਰਣਜੀਤ ਮਾਧੋਪੁਰੀ,ਉਹ ਤਾਂ ਕਹਿੰਦੇ ਨੇ/ਭੁਪਿੰਦਰ, ਮੁੜ ਅਪਣੱਤ ਮਿਲਾ ਦੇ/ਨਿਰਮਲ ਕੁਲਾਣ, ਗੀਤ/ਰਾਜਿੰਦਰ ਖੇਤਰਪਾਲ, ਸੰਵਿਧਾਨ ਕਹਿੰਦਾ ਹੈ । ਨਰਭਿੰਦਰ, ਬੁੱਧੀ ਜੀਵੀ ਤੇ ਚਿੜੀਆਂ/ਹਰਮਿੰਦਰ ਸਿੰਘ, ਵਿਹੜੇ ਅਤੇ ਕਬਰਸਤਾਨ ਵਿਚਲਾ ਫ਼ਰਕ/ਹਮਦਰਦਵੀਰ ਨੌਸ਼ਹਿਰਵੀ, ਮਿੱਟੀ ਪੁੱਛਦੀ ਹੈ/ਮਨਜੀਤ ਕਾਦਰ । ਇਹ ਕਾਵਿ ਸੰਗ੍ਰਹਿ ਇਕ ਯਾਦਗਾਰੀ ਕਾਵਿ ਸੰਗ੍ਰਹਿ ਹੈ ।

**ਸਮੇਂ ਦੇ ਸੂਰਜ/ਹਰਿਨੇਕ ਕਲੇਰ :**

ਕਾਵਿ ਸੰਗ੍ਰਹਿ ਪ੍ਰਕਾਸ਼ਕ : ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਮੁਲ ਪੇਪਰ ਬੈਕ 5/-ਜ਼ਿੰਦਗੀ ਦੀਆਂ ਤਲਖੀਆਂ ਸਮੇਂ ਦੇ ਸੂਰਜਾ ਨੂੰ ਮਜਬੂਰ ਕਰਦੀਆਂ ਹਨ ਕਿ ਉਹ ਸਮੇਂ ਦੇ ਹਾਕਮਾਂ ਨੂੰ ਸੰਬੋਧਨ ਹੋ ਕੇ ਕੁਝ ਐਲਾਨ ਕਰਨ । ਇਸ ਕਾਵਿ ਸੰਗ੍ਰਹਿ ਦੀ ਹਰ ਇਕ ਕਵਿਤਾ ਇਕ ਚਣੌਤੀ ਦਾ ਰੂਪ ਧਾਰਦੀ ਹੈ ।

ਜਦੋਂ ਆਪਾਂ/ਤੁਰ ਹੀ ਪਏ ਹਾਂ/ਛੱਡ ਆਏ ਹਾਂ/ ਬੂਹਿਆਂ ਦੀਆਂ ਮੁਹਾਠਾਂ ਨਾਲ/ਬੁੱਤ ਬਣੀਆਂ ਖੜੀਆਂ/ ਉਦਾਸ ਮਾਵਾਂ/ਨਿੱਕੜੇ ਵੀਰ ਤੇ ਭੈਣਾਂ/ਤਾਂ/ਚੌਂਕ ਵਿਚ ਗੱਡੀਆਂ/ਲਾਲ ਬੱਤੀਆਂ ਤੋਂ ਕਾਹਦਾ ਖੌਫ ?......ਜਦ ਤੁਰ ਹੀ ਪਏ ਹਾਂ/ਆਪਾਂ/ਨੰਗੇ ਜਿਸਮ-ਨੰਗੇ ਪੈਰ/ਤਾਂ ਤੁਹਾਡਾ ਸਾਨੂੰ/ਪਾਗਲ ਆਖਣਾ ਵੀ,ਜਾਇਜ਼ ਹੈ-ਤੁਹਾਡੀ ਅੱਖ ਨੇ ਸਹੀ ਪਛਾਣਿਆ/ਕਿ ਅਸੀਂ ਹੀ/ਧਰਤੀ ਦੀ ਹਰ ਨੁੱਕਰ ਨੂੰ/ਲਾਲ ਸੁਰਖ ਕਰਨ ਦਾ/ਬੀਅ ਬੋਇਆ ਹੈ / ਪੇਟ ਦੀ ਖਾਤਰ ਲੜ ਰਹੇ/ਲੋਕਾਂ ਦਾ ਫੈਸਲਾ/ਇਹ ਹੋਇਆ ਹੈ । ਕਿ/ਚੌਂਕ ਵਿਚ ਗੱਡੀਆਂ/ਲਾਲ ਬੱਤੀਆਂ ਦੇ ਚਾਨਣ ਵਿਚ/ ਚੌਕ ਦੇ ਮੱਥੇ ਤੇ/ਆਪਣੇ ਲਹੂ ਨਾਲ ਦਸਤਖਤ ਕਰੋ/ ਕ੍ਰਾਂਤੀ ਕਰੋ/ਕ੍ਰਾਂਤੀ ਕਰੋ ।

ਇਹ ਸਾਹਿਤ ਅਜ ਲੋਕਾਂ ਦੀ ਲੋੜ ਹੈ ।

**ਗੁਰਸ਼ਰਨ ਸਿੰਘ**

ਕਵਿਤਾ

# ਪੁੱਛਦੇ ਹਾਂ

## ਦੌਲਤ ਰਾਮ

ਪੁੱਛਦੇ ਹਾਂ ਅਸੀਂ ਕੁਝ ਧੁਖਦੇ ਸੁਆਲ ।
ਮੰਗਦੇ ਹਾਂ ਅਸੀਂ ਦਮਦਾਰ ਜੁਆਬ ।
ਜੇ ਹਿੰਮਤ ਹੈ ਤਾਂ ਕੱਢੋ ਅਵਾਜ਼ ।

### ਸਿੱਖਾਂ ਨੂੰ !

ਕਿੱਥੇ ਸੀ ਤੁਸੀਂ ਗੁਰੂ ਦੇ
ਅਖੌਤੀ ਸਿੰਘੋ
ਜਦੋਂ ਬੇਦੋਸ਼ੇ ਮਾਰੇ ਜ਼ਾਲਮਾਂ
ਮੋਰਚੇ ਲਾਏ ਧਰਮ ਦੇ
ਕੁਰਸੀ ਦਿਆਂ ਆਸ਼ਕਾਂ
ਹਰਮੰਦਰ ਕੀਤਾ ਅਪਵਿਤਰ
ਜ਼ੁਲਮ ਦੇ ਉਪਾਸ਼ਕਾਂ ?
ਕਿਉਂ ਨਹੀਂ ਕੀਤੇ ਵਾਪਸ
ਤਮਗੇ ਭਾਰਤ ਸਰਕਾਰ ਦੇ
ਕਿਉਂ ਨਹੀਂ ਹੋਏ ਬਾਗੀ
ਰਾਮਗੜ੍ਹ ਰੇਜੀਮੈਂਟ ਤੋਂ
ਕਿਥੇ ਸੀ ਸਿੱਖ ਬੁਧੀਜੀਵੀ
ਕਿਥੇ ਸੀ ਨੈਸ਼ਨਲ ਫੋਰਮ
ਜਦੋਂ ਬਸਾਂ 'ਚੋਂ ਕੱਢ ਕੇ ਮਾਰੇ
ਭਰਾ ਤੁਹਾਡੇ ਸਕੇ ਸਾਰੇ
ਜਦੋਂ ਨਿਰਦੋਸ਼ੇ ਨਿਰੰਕਾਰੀ
ਚੁਣ ਚੁਣ ਮਾਰੇ ਜ਼ਾਲਮਾਂ ?

ਖੂਨ ਕਿਉਂ ਨਹੀਂ ਖੋਲਦਾ
ਬੇਦੋਸ਼ਿਆਂ ਦੇ ਕਤਲ ਤੇ
ਤੜਪਦੇ ਹੋ ਕਿਉਂ ਤੁਸੀਂ
ਬਸ ਇਕਪਾਸੜ ਜ਼ੁਲਮ ਤੇ ?

ਮਰਦੇ ਜਦੋਂ ਨਿਰਦੋਸ਼ ਸਿੱਖ
ਤੁਹਾਨੂੰ ਗੁੱਸਾ ਆਂਵਦਾ
ਭਿੰਡਰਾਂਵਾਲਾ ਜਦ ਮਰੇ
ਕਾਲਜਾ ਹਿੱਲ ਜਾਂਵਦਾ
ਨੀਲਾ ਤਾਰਾ ਚੱਲਣ ਤੇ
ਕਿਉਂ ਤਖਤ ਹੈ ਢਹਿ ਜਾਂਵਦਾ ?

ਕਤਲੇਆਮ ਹੋਂਵਦਾ ਦਿੱਲੀ ਵਿਚ
ਤਦ ਹੀ ਹਿੱਲਦੀ ਹੈ ਜੀਭ
ਡੋਬੂ ਪੈਂਦੇ ਦਿਲ ਦੇ ਅੰਦਰ
ਫੌਜ ਜੇ ਜਾਵੇ ਵਿਚ ਹਰਮੰਦਰ
ਕਾਤਲ ਤੋਲੋ ਸੋਨੇ ਨਾਲ
ਕਤਲ ਤੇ ਵੰਡੋ ਇੰਜ ਮਿਠਾਈ
ਜਿਵੇਂ ਕਾਲਜੇ ਠੰਡਕ ਪਾਈ ?
ਕਾਤਲ ਜੇ ਦਿੱਲੀ ਦੇ ਹੋਵਣ
ਮੰਗੋ ਉਹਨਾਂ ਲਈ ਖੂਬ ਸਜ਼ਾਵਾਂ
ਜੇ ਹੋਵਣ ਪੰਜਾਬ ਦੇ ਕਾਤਲ
ਉਹਨਾਂ ਖਾਤਰ ਸਿਰਫ ਰਿਹਾਈ ?
ਬਾਗੀਆਂ ਦੇ ਲਈ ਰਹਿਮ ਦੀ ਵਰਤੋਂ
ਵੈਦਯਾ ਮਰੇ ਤਾਂ ਚੁੱਪਚਪਾਈ ?
ਲੌਂਗੋਵਾਲ ਤੇ ਭਿੰਡਰਾਂਵਾਲਾ
ਦੋਵੇਂ ਮੰਨ ਲਏ ਭਾਈ ਭਾਈ
ਬਾਦਲ ਹੋਵੇ ਜਾਂ ਬਰਨਾਲਾ
ਸਭ ਦੇ ਨਾਲ ਹੈ ਗੰਢ ਬਨ੍ਹਾਈ
ਖਾਲਿਸਤਾਨ ਤੇ ਚੁਪ ਕਰ ਜਾਉ
ਸ਼ਿਵ ਸੈਨਾ ਤੇ ਕਰੋ ਚੜਾਈ ?
ਕਿਰਤ ਭੁੱਲ ਗਏ ਵੰਡ ਭੁੱਲ ਗਏ
ਰਹਿ ਗਈ ਫੋਕੀ ਨਾਮ ਜਪਾਈ
ਸਿੱਖ ਤਾਂ ਸਾਰੇ ਮੀਤ ਹੋ ਗਏ
ਭਾਵੇਂ ਹੋਵਣ ਨਿਰੇ ਕਸਾਈ
ਹਿੰਦੂ ਸਭ ਵੈਰੀ ਬੇਗਾਨੇ
ਭਾਵੇਂ ਹੋਣ ਕਨ੍ਹਈਆ ਭਾਈ
ਝੂਠ ਖਰੀਦੋ ਦੋ ਪੈਸੇ ਵਿਚ
ਸੱਚ ਦੀ ਕੀਮਤ ਕੁਝ ਨਾ ਪਾਈ ।

o

### ਹਿੰਦੂਆਂ ਨੂੰ !

ਸ਼ਿਵ ਦੇ ਅਖੌਤੀ ਉਪਾਸ਼ਕੋ
ਤਿਰਸ਼ੂਲ ਵਾਲੇ ਵਾਰਸੋ
ਬੋਲਦੇ ਹੋ ਪੰਜਾਬੀ
ਲਿਖਾਉਂਦੇ ਹੋ ਹਿੰਦੀ
ਮਾਂ ਨੂੰ ਇਨਕਾਰਦੇ ਕਿਉਂ
ਜੀਭ ਨਹੀਂ ਕੱਟੀ ਜਾਂਦੀ ?
ਜਗਤ ਨਰਾਇਣ ਜ਼ਹਿਰ ਉਗਲੇ
ਸਭ ਕੁਝ ਲਗ੍ਦਾ ਸਹੀ
ਅਕਾਲੀ ਪਤ੍ਰਕਾ, ਅਜੀਤ ਬੋਲਣ
ਤਾਂ ਦੇਸ਼ ਦੀ ਏਕਤਾ ਗਈ
ਬਾਲ ਠਾਕਰੇ ਬਕਵਾਸ ਕਰੇ
ਤਾਂ ਹਿੰਦੂਆਂ ਦਾ ਰਾਖਾ
ਭਿੰਡਰਾਂਵਾਲਾ ਜ਼ਹਿਰ ਵਰ੍ਹੇ
ਤਾਂ ਬੁਰਾ ਬੁਥਾ ਬੁਰੀ ਭਾਖਾ ?

ਨਿਰੰਕਾਰੀ ਮਾਰੇ ਜਾਣ
ਤਾਂ ਆਪਾਂ ਨੂੰ ਕੀ ?
ਕਤਲ ਹੋਵੇ ਹਿੰਦੂ ਦਾ
ਤਾਂ ਹੀ ਸੁਰਖਿਆ ਸੰਮਤੀ ?

ਸਿੱਖ ਸਿੱਖ ਨੂੰ ਮਾਰੇ
ਤਾਂ ਚੰਗੇ ਲੜ ਕੇ ਮਰਨ
ਸਿੱਖ ਹਿੰਦੂ ਨੂੰ ਲਲਕਾਰੇ
ਹਿੰਦੂ ਕਿਵੇਂ ਜਰਨ ?

ਮਰਨ ਬੇਦੋਸ਼ੇ ਹਰਮੰਦਰ ਵਿਚ
ਤਾਂ ਸਾਰੇ ਦੇ ਸਾਰੇ ਗੱਦਾਰ
ਹਿੰਦੂ ਬਸ 'ਚੋਂ ਕੱਢ ਕੇ ਮਾਰੇ
ਤਾਂ ਹੀ ਹੋਵੇ ਘੋਰ ਅਤਿਆਚਾਰ ?
ਨੀਲਾ ਤਾਰਾ ਚੱਲੇ ਹਰਮੰਦਰ
ਤਾਂ ਹੋਰ ਕੋਈ ਚਾਰਾ ਨਾ ਸੀ
ਭਿੰਡਰਾਂਵਾਲਾ ਖੁੱਲਾ ਫਿਰੇ
ਤਾਂ ਕਸੂਰ ਕਿਸਦਾ ਸੀ ?

ਦਿੱਲੀ ਕਾਨਪੁਰ ਕਤਲੇ-ਆਮ
ਤਾਂ ਸਬਕ ਦੇਣਾ ਜ਼ਰੂਰੀ ਸੀ
ਪੰਜਾਬ ਵਿਚ ਹੋਣ ਚੋਣਵੇਂ ਕਤਲ
ਫਿਰ ਕਿਉਂ ਵੱਟੀ ਘੂਰੀ ਸੀ ?
ਅਕਾਲੀ ਲਾਉਣ ਮੋਰਚਾ
ਤਾਂ ਰਾਜਨੀਤੀ ਵਿਚ ਆਵੇ ਧਰਮ
ਅਨੰਦਪੁਰ ਮਤੇ ਤੇ ਜਿੱਤੇ ਚੋਣ
ਤਾਂ ਰਾਜੀਵ ਦੀ ਉੱਚੀ ਸਮਝ ?
ਸ਼ਿਵ ਸੈਨਾ ਹੋਂਦ ਵਿਚ ਆਵੇ
ਹਿੰਦੂਆਂ ਦੀ ਰਖਿਆ ਲਈ
ਸਿੱਖ ਸਟੂਡੈਂਟ ਫੈਡਰੇਸ਼ਨ ਹੋਵੇ
ਤਾਂ ਦੇਸ਼ ਦੀ ਏਕਤਾ ਗਈ ?

ਤਿਰਸ਼ੂਲਾਂ ਦਾ ਮਾਰਚ ਜਾਇਜ਼
ਕਿਉਂਕਿ ਕਿਰਪਾਨਾਂ ਦਾ ਨਿਕਲਿਆ
ਬੇਦੋਸ਼ਿਆਂ ਦਾ ਕਤਲ ਜਾਇਜ਼
ਕਿਉਂਜੋ ਬੇਦੋਸ਼ਿਆਂ ਦਾ ਹੋਇਆ ?
ਸਿੱਖ ਸ਼ਰੀਫ਼ ਵੀ ਬਦਮਾਸ਼
ਕਿਉਂਕਿ ਉਹ ਰੱਖਦਾ ਹੈ ਕੇਸ
ਹਿੰਦੂ ਗੁੰਡਾ ਵੀ ਭਰਾ ਪਿਆਰਾ
ਕਿਉਂਜੋ ਹਿੰਦੂ ਰੱਖਦਾ ਹੈ ਭੇਸ ?
ਸ਼ਿਵ ਨੇ ਰਾਖਸ਼ਾਂ ਦਾ ਨਾਸ਼ ਕੀਤਾ
ਤੁਸੀਂ ਸਿੱਖਾਂ ਦਾ ਕਰੋ
ਸਿੱਖਾਂ ਨੂੰ ਗੱਦਾਰ ਕਹਿ ਕੇ
ਦੇਸ਼ ਭਗਤੀ ਦਾ ਟੈਂਡਰ ਭਰੋ ?
ਉਂਝ ਤਾਂ ਹਰੀਜਨ ਅਜੇ ਅਛੂਤ
ਪਰ ਫਿਰ ਵੀ ਹਿੰਦੂ ਜਾਤ
ਉਂਝ ਸਰਵ ਧਰਮ ਸੰਭਵਾ
ਅਸਲ ਵਿਚ ਸਿੱਖਾਂ ਦੇ ਖਿਲਾਫ
ਪੂਜਾ ਰਾਮ ਦੀ
ਕੰਮ ਰਾਵਣ ਦੇ
ਭਗਤੀ ਕ੍ਰਿਸ਼ਨ ਦੀ
ਸਾਥ ਕੰਸ ਦਾ
ਚਾਲ ਕਾਂ ਦੀ
ਮੁਖੌਟਾ ਹੰਸ ਦਾ ?
o

**ਹਿੰਦੂ-ਸਿੱਖ ਦੋਵਾਂ ਨੂੰ !**

ਅਸੀਂ ਗਰੀਬ
ਵਿੱਚੇ ਹਿੰਦੂ ਵਿੱਚੇ ਸਿੱਖ
ਜਾਤ ਅਸਾਡੀ ਸਿਰਫ ਗਰੀਬੀ
ਧਰਮ ਗਰੀਬ ਦਾ ਇਕ ।
ਲੁੱਟਦੈ ਜਦ ਸਰਦਾਰ ਪਿੰਡ ਦਾ
ਉਹ ਨਾ ਵੇਖੇ ਸਿੱਖ ਜਾਂ ਭਈਆ
ਉਹ ਤਾਂ ਲੁੱਟੇ ਦੋਵੇਂ ਹਥੀਂ
ਦੇਵੇ ਨਾ ਵੱਧ ਇਕ ਰੁਪਈਆ ।

ਜੰਜੂ ਵਾਲਾ ਮਿਲ ਦਾ ਮਾਲਕ
ਰਖਦਾ ਭਾਵੇਂ ਉਹ ਕਿਰਪਾਣ
ਹਿੰਦੂ ਸਿੱਖ ਹਰ ਇਕ ਕਾਮੇ ਦਾ
ਮਿਲ ਵਿਚ ਕਰਕੇ ਪੂਰਾ ਘਾਣ
ਕੱਢ ਲੈਂਦਾ ਹੈ ਉਸਦੀ ਜਾਨ ।

ਦੁਕਾਨਦਾਰ ਕਪੜੇ ਵਾਲਾ ਵੀ
ਹਿੰਦੂ, ਨਿਰੰਕਾਰ ਜਾਂ ਸਿੱਖ
ਲਾਹੇ ਹਰ ਗਰੀਬ ਦੀ ਖੱਲ ।
ਡਾਕਟਰ, ਵਕੀਲ, ਜਾਂ ਹਾਕਮ ਹੋਰ
ਧਰਮ ਦਾ ਪਾਉਂਦੇ ਪੂਰਾ ਸ਼ੋਰ
ਪਰ ਜਦ ਪੈਸੇ ਦੀ ਗੱਲ ਆਵੇ
ਹਿੰਦੂ ਸਿੱਖ ਬਣ ਜਾਂਦੇ ਹੋਰ ।

ਆਵੇ ਵੋਟਾਂ ਦਾ ਜਦ ਮੌਸਮ
ਜਾਂ ਫਿਰ ਕੁਰਸੀ ਦੀ ਗੱਲ ਆਵੇ
ਧਰਮ ਦੇ ਪੈਰ ਨੂੰ ਲਾਕੇ ਪਾਵੇ
ਲੀਡਰ ਭੌਂਕਣ ਗਲੀ ਗਲੀ
ਧਰਮ ਨੂੰ ਖਤਰੇ ਦੇ ਵਿਚ ਪਾਵਣ
ਪੰਥ ਦਾ ਮੁਖੜਾ ਫੇਰ ਸਜਾਵਣ
ਨੀਲੇ, ਪੀਲੇ ਬਾਣੇ ਪਾ ਕੇ

ਧੋਤੀ, ਟੋਪੀ, ਖੱਦਰ ਪਾਕੇ
ਧਰਮ ਦਾ ਵੱਖ ਬਜ਼ਾਰ ਸਜਾ ਕੇ
ਗੁਰੂ ਵੇਚਦੇ ਵੇਚਣ ਗੀਤਾ
ਸਾਹਿਬਜ਼ਾਦੇ ਹੋਣ ਜਾਂ ਸੀਤਾ
ਤਰ੍ਹਾਂ ਤਰ੍ਹਾਂ ਦਾ ਕੁਫਰ ਤੋਲਦੇ
ਮੋਰਚਾ ਧਰਮ ਯੁਧ ਦਾ ਲਾਉਂਦੇ
ਗੱਲ ਗਰੀਬੀ ਦੀ ਉਹ ਭੁੱਲ ਕੇ
ਗਊ ਮਾਤਾ ਦੇ ਕੀਰਨੇ ਪਾਉਂਦੇ ।

ਪਿਛਲੇ ਚਾਲੀ ਸਾਲਾਂ ਅੰਦਰ
ਧਰਮ ਨੂੰ ਖਤਰਾ ਕਦੇ ਨਾ ਹਟਿਆ
ਗਰੀਬੀ ਨੇ ਤਾਂ ਕੀ ਘੱਟਣਾ ਸੀ
ਗਰੀਬ ਦੇ ਹੱਕ ਦਾ ਹਿੱਸਾ ਘਟਿਆ ।

ਜਦ ਵੀ ਕੋਈ ਹਿੱਲੀ ਕੁਰਸ਼ੀ
ਖੂਨ ਗਰੀਬਾਂ ਦਾ ਹੀ ਡੁੱਲਿਆ
ਸਿੱਖ, ਮੁਸਲਮਾਨ, ਹਿੰਦੂ ਦਾ
ਗਰੀਬ ਮਜ਼ਦੂਰ ਕਿਸਾਨ ਕਾਮੇ ਦਾ
ਖੂਨ ਤਾਂ ਲਾਲ ਰੰਗ ਦਾ ਹੁੰਦਾ
ਜਦ ਡਿਗਦਾ ਹੈ ਜੰਮ ਜਾਂਦਾ ਹੈ
ਗਰੀਬ ਦੇ ਕਿਸੇ ਕੰਮ ਨਾ ਆਵੇ
ਲੀਡਰਾਂ ਦੇ ਪਰ ਕੰਮ ਆਂਦਾ ਹੈ ।

ਜਦ ਵੀ ਕਰਫਿਊ ਘੁੱਗੂ ਬੋਲੇ
ਰੇਹੜੀ, ਛਾਵੜੀ ਵਾਲਾ ਕਾਮਾ
ਰੋਜ਼ ਦਿਹਾੜੀ ਵਾਲਾ ਕਾਮਾ
ਘਰ ਬੈਠਾ ਭੁੱਖਾ ਮਰਦਾ ਹੈ
ਬੱਚਿਆਂ ਦੇ ਮੂੰਹ ਰੋਟੀ ਤਰਸਣ
ਧਰਮ ਦੇ ਨਾਂ ਤੇ ਸਭ ਜਰਦਾ ਹੈ।
ਤੇ ਇਹ ਠੇਕੇਦਾਰ ਧਰਮਾਂ ਦੇ
ਘਰ ਵਿਚ ਬਹਿ ਕੇ ਟੀਵੀ ਵੇਖਣ
ਮਿੱਲਾਂ ਵਾਲੇ ਘੁੰਮਣ ਕਾਰੀਂ
ਲੀਡਰ ਕੋਠੀਆਂ ਅੰਦਰ ਬਹਿਕੇ
ਜਾਮ 'ਧਰਮ' ਦੇ ਰੱਜ ਕੇ ਪੀਵਣ ।

ਸੋ ਅਸੀਂ ਗਰੀਬ ਮੰਗਦੇ ਜੁਆਬ
ਅਸੀਂ ਕਾਮੇ ਕਰਦੇ ਸੁਆਲ
ਧਰਮ ਨੇ ਪਿਛਲੇ ਚਾਲੀ ਸਾਲਾਂ
ਦੱਸੋ ਸਾਨੂੰ ਕੀ ਦਿੱਤਾ ਹੈ ?
ਧਰਮ ਨੇ ਪਿਛਲੇ ਇਕ ਸੌ ਸਾਲਾਂ
ਦਸੋ ਗਰੀਬਾਂ ਕੀ ਦਿਤਾ ਹੈ ?
ਧਰਮ ਨੇ ਪਿਛਲੇ ਪੰਜ ਸੌ ਸਾਲਾਂ
ਦੱਸੋ ਕਾਮਿਆਂ ਕੀ ਦਿੱਤਾ ਹੈ ?

ਧਰਮ ਨੇ ਪਿਛਲੇ ਹਜ਼ਾਰਾਂ ਸਾਲਾਂ
ਦੱਸੋ ਅਸਾਂ ਨੂੰ ਕੀ ਦਿਤਾ ਹੈ ?
ਸਾਡੇ ਪਿਉ ਸਾਡੇ ਦਾਦੇ ਵੀ
ਰਹੇ ਗਰੀਬ ਤੇ ਭੁੱਖੇ ਭਾਣੇ
ਅਤੇ ਉਹਨਾਂ ਦੇ ਅਗਲੇ ਪੁਰਖੇ
ਕਰਮਾਂ ਮਾਰੇ ਰਹੇ ਨਿਤਾਣੇ
ਧਰਮ ਦੇ ਮਰਮ ਵਿਚ ਰੁੱਝੇ ਰਾਜੇ
ਮਰਮ ਗਰੀਬੀ ਕੋਈ ਨਾ ਜਾਣੇ ।

ਰਾਜ ਭਾਵੇਂ ਰਾਮ ਦਾ ਸੀ
ਭਾਵੇਂ ਚੰਦਰ ਗੁਪਤ ਮੌਰੀਏ ਦਾ
ਬੋਧੀ ਅਸ਼ੋਕ ਦਾ ਹੋਇਆ
ਜਾਂ ਦੀਨੇ-ਇਲਾਹੀ ਅਕਬਰ ਦਾ
ਭਾਵੇਂ ਔਰੰਗਜ਼ੇਬ ਆਇਆ
ਤੇ ਭਾਵੇਂ ਰਣਜੀਤ ਸਿੰਘ
ਹਕੂਮਤ ਚਾਹੇ ਅੰਗਰੇਜ਼ ਦੀ ਸੀ
ਜਾਂ ਅੱਜ ਕਾਂਗਰਸ ਦੀ ਹੈ
ਭਾਵੇਂ ਵਿਚ ਜਨਤਾਂ ਪਾਰਟੀ ਕੀਤੀ
ਭਾਵੇਂ ਕਿਤੇ ਕਾਮਰੇਡਾਂ ਦੀ ਹੈ ।
ਚਾਹੇ ਐਕਟਰਾਂ ਆਧਰਾਂ ਵਿਚ ਰੱਖ
ਭਾਵੇਂ ਉਹਨਾਂ ਤਮਲਨਾਡੂ ਵਿਚ
ਜਾਂ ਅਸਮ ਵਿਚ ਨਵੇਂ ਨੇਤਾ ਆਏ
ਤੇ ਭਾਵੇਂ ਪੰਜਾਬ ਵਿਚ ਅਕਾਲੀ
ਅਸੀਂ ਪੁੱਛਦੇ ਹਾਂ ਤੁਸੀਂ ਦੱਸੋ
ਗਰੀਬ ਗਰੀਬ ਕਿਉਂ ਰਹਿੰਦੇ ਰਹੇ
ਅਮੀਰ ਹਮੇਸ਼ਾਂ ਹਰ ਰਾਜ ਵਿਚ
ਸੁਖ ਕਿਉਂ ਭੋਗਦੇ ਪਨ ਰਹੇ ?
ਹਰੀਜਨ, ਪਹਾੜੀ, ਜੰਗਲੀ ਕਬੀਲੇ
ਹਰ ਧਰਮ ਦੇ ਹਰ ਰਾਜੇ ਹੇਠਾਂ
ਕਿਉਂ ਰਹੇ ਪਿਸਦੇ ਸਦਾ
ਮਿਹਨਤਾਂ ਨੇ ਮਾਖਿਉਂ ਤੋੜਿਆ
ਪਰ ਕਿਉਂ ਨਹੀਂ ਚਖਿਆ ਕਦੇ ?

ਤੇ ਨਾਲ ਇਹ ਵੀ ਤਾਂ ਹੈ ਸੱਚ
ਧਰਮ ਨੇ ਨਾਨਕ ਨਹੀਂ ਬਣਾਇਆ
ਨਾਨਕ ਨੇ ਜਨਮਿਆ ਨਵਾਂ ਧਰਮ
ਈਸਾ ਨੇ ਪੈਦਾ ਕੀਤੇ ਈਸਾਈ
ਮੁਹੰਮਦ ਨੇ ਕੀਤੇ ਮੁਸਲਮਾਨ
ਬੁਧ ਤੋਂ ਚਲਿਆ ਬੁੱਧ ਮਤ
ਮਹਾਵੀਰ ਤੋਂ ਜੈਨ ਈਮਾਨ ।
ਦੱਸਦੇ ਨੇ ਵਿਗਿਆਨੀ ਇਹ ਵੀ

ਹਿੰਦੂ ਸ਼ਬਦ ਨਦੀ ਸਿੰਧੂ ਤੋਂ ਬਣਿਆ
ਉਸ ਤੋਂ ਪਹਿਲਾਂ ਵੀ ਵਸਦੇ ਸੀ ਲੋਕ
ਜਦੋਂ ਕੋਈ ਵੀ ਧਰਮ ਨਹੀਂ ਸੀ।
ਉਦੋਂ ਵੀ ਤਕੜੇ ਦਾ ਸੌ ਸੀ ਸੱਤੀ ਵੀਹੀਂ
ਹੁਣ ਵੀ ਲਾਠੀ ਵਾਲੇ ਦੀ ਹੈ ਮੱਝ
ਦੱਸੋ ਧਰਮ ਨੇ ਕੀ ਹੈ ਕੀਤਾ
ਗਰੀਬ ਦਾ ਕਿਸ ਪੂਰਿਆ ਹੈ ਪੱਜ ?

ਸੋ ਅਸੀਂ ਪੁੱਛਦੇ ਹਾਂ ਸੁਆਲ
ਤੁਸੀਂ ਦਿਉ ਉਸਦਾ ਜੁਆਬ
ਕਿਉਂ ਕਰੀਏ ਫਿਕਰ ਧਰਮ ਦਾ
ਦੇਖ ਚੁੱਕੇ ਇਸਦਾ ਸੁਆਦ
ਗਰੀਬ ਹਾਂ ਗਰੀਬਾਂ ਸੰਗ ਹਾਂ
ਭੇਸ, ਦੇਸ, ਕੇਸ ਕੁਝ ਹੋਵੇ
ਸਾਡਾ ਖੂਨ ਇਕ ਹੀ ਹੈ।
ਸਿੰਘ, ਰਾਮ, ਖਾਨ ਕੋਈ ਹੋਵੇ
ਗਰੀਬ ਦੀ ਜੂਨ ਇਕ ਹੈ।
ਅਸੀਂ ਧਰਮ ਤੋਂ ਇਨਕਾਰ ਕਰਦੇ ਹਾਂ
ਅੱਜ ਤੋਂ ਅਸੀਂ ਆਪਣੇ ਲਈ ਜੀਂਦੇ ਹਾਂ
ਅੱਜ ਤੋਂ ਸਿਰਫ ਆਪਣੇ ਲਈ ਮਰਦੇ ਹਾਂ।

o

---

ਕਿਸਾਨੀ ਜ਼ਿੰਦਗੀ ਤੇ ਕਿਸਾਨੀ ਘੋਲਾਂ ਦੀ ਫਿਲਮ

## "ਬਗਾਨੇ ਬੋਹੜ ਦੀ ਛਾਂ"

ਪੈਪਸੂ ਦੀ ਮੁਜ਼ਾਰਾ ਲਹਿਰ, ਅਤੇ ਅੱਜ ਦੀ ਕਿਸਾਨੀ ਦੀਆਂ ਆਰਥਿਕ ਔਕੜਾਂ ਤੇ ਲੜਾਈਆਂ ਨੂੰ ਆਧਾਰ ਬਣਾ ਕੇ ਪੰਜਾਬੀ ਵਿਚ ਫਿਲਮ "ਬਗਾਨੇ ਬੋਹੜ ਦੀ ਛਾਂ" ਬਣਾਉਣ ਦੀਆਂ ਮੁਢਲੀਆਂ ਤਿਆਰੀ ਲਗਭਗ ਮੁਕੰਮਲ ਹਨ। ਇਹ ਫਿਲਮ ਨਾਟਕਕਾਰ ਅਜਮੇਰ ਔਲਖ ਦੇ ਇਸੇ ਨਾਂ ਦੇ ਨਾਟਕ ਉਤੇ ਆਧਾਰਿਤ ਹੈ। ਪਰ ਫਿਲਮ ਦੀ ਲੋੜ ਮੁਤਾਬਿਕ ਇਸਦਾ ਕੈਨਵੈਸ ਬੜਾ ਵਿਸ਼ਾਲ ਹੈ। ਫਿਲਮ ਇਕ ਕਿਸਾਨ ਗੱਜਣ ਸਿੰਘ ਦੇ ਪਰਿਵਾਰ ਦੇ ਚਾਲੀ ਸਾਲਾਂ ਦੇ ਜੀਵਨ ਨੂੰ ਸਮੇਟਦੀ ਸਮੁੱਚੀ ਕਿਸਾਨੀ ਦੀ ਆਰਥਿਕ-ਸਮਾਜਿਕ ਹਾਲਤ ਨੂੰ ਆਪਣੀ ਲਪੇਟ ਵਿਚ ਲੈਂਦੀ ਹੈ।

ਇਸ ਫਿਲਮ ਦੀ ਨਿਰਦੇਸ਼ਨਾ ਜਗਜੀਤ (ਗਿੱਲ) ਕਰ ਰਿਹਾ ਹੈ ਅਤੇ ਇਸਦੀਆਂ ਮੁਖ ਭੂਮਿਕਾਵਾਂ ਕੁਲਭੂਸ਼ਣ ਖਰਬੰਦਾ, ਓਮਪੁਰੀ, ਦਲਜੀਤ ਕੌਰ ਅਦਾਕਾਰ ਕਰਦੇ ਰਹੇ ਹਨ। ਮਾਨਯੋਗ ਸ. ਗੁਰਸ਼ਰਨ ਸਿੰਘ ਨੇ ਇਸ ਫਿਲਮ ਵਿਚ ਕਮਿਊਨਿਸਟ ਤੇ ਕਿਸਾਨ ਆਗੂ ਦਾ ਰੋਲ ਕਰਨ ਦੀ ਹਾਂ ਕਰਦਿਆਂ ਫਿਲਮ ਲਈ ਹਰ ਪੱਖੋਂ ਸਹਿਯੋਗ ਦੇਣ ਦਾ ਵਿਸ਼ਵਾਸ ਦਵਾਇਆ ਹੈ।

ਫਿਲਮ ਵਿਚ ਸਵਰਗੀ ਪ੍ਰੋ: ਮੋਹਨ ਸਿੰਘ ਦਾ ਲਿਖਿਆ 'ਜੱਟੀਆਂ ਦਾ ਗੀਤ' ਅਤੇ ਸਵਰਗੀ ਲੋਕ-ਕਵੀ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ "ਗਲ ਲਗ ਕੇ ਸੀਰੀ ਦੇ ਜੱਟ ਰੋਵੇ" ਫਿਲਮਾਏ ਜਾ ਰਹੇ ਹਨ। ਹੋਰ ਗੀਤ ਪੰਜਾਬੀ ਦੇ ਉਹਨਾਂ ਗੀਤਕਾਰਾਂ ਕੋਲੋਂ ਲਿਖਵਾਏ ਜਾ ਰਹੇ ਹਨ ਜੋ ਕਿਸਾਨੀ ਜੀਵਨ ਦੀ ਧੜਕਣ ਨੂੰ ਸਮਝਣ ਦੇ ਸਮਰਥ ਹਨ। ਫਿਲਮ ਦੇ ਥੀਮ-ਸਾਂਗ ਦੀਆਂ ਮੁਢਲੀਆਂ ਸਤਰਾਂ ਇੰਜ ਹਨ :

ਅਹਿ ਲਾਲ ਫੁਰੇਰੇ ਸਹੁੰ ਤੇਰੀ, ਅਸੀਂ ਮਰ ਮਿਟਣ ਦੀ ਧਾਰੀ ਹੈ।
ਜੋ ਹੱਕ-ਸੱਚ ਲਈ ਸ਼ੁਰੂ ਹੋਈ, ਉਹ ਜੰਗ ਅਜੇ ਵੀ ਜਾਰੀ ਹੈ।

ਫਿਲਮ ਦੀ ਇਕ ਖੂਬੀ ਇਹ ਵੀ ਹੈ ਕਿ ਇਸ ਵਿਚ ਕੁਝ ਮੁਖ ਕਲਾਕਾਰਾਂ ਨੂੰ ਛੱਡ ਕੇ ਬਾਕੀ ਕਲਾਕਾਰਾਂ, ਕੈਮਰਾਮੈਨ, ਨਾਗਰਾ, ਟੈਕਨੀਸ਼ੀਅਨ, ਸਟਿੱਲ ਫੋਟੋਗ੍ਰਾਫਰ ਆਦਿ ਸਭ ਹਿੱਸੇਦਾਰ ਹੋਣਗੇ। ਅਗਾਂਹਵਧੂ ਲੋਕਾਂ ਨੂੰ ਅਪੀਲ ਹੈ ਕਿ ਉਹ ਇਸ ਫਿਲਮ ਬਣਾਉਣ ਤੇ ਕਾਮਯਾਬ ਕਰਨ ਵਿਚ ਆਪਣਾ ਲੋੜੀਂਦਾ ਸਹਿਯੋਗ ਜ਼ਰੂਰ ਦੇਣ।

ਅਜਮੇਰ ਸਿੰਘ ਔਲਖ

# ਇਨਕਲਾਬੀ ਏਕਤਾ ਕੇਂਦਰ ਪੰਜਾਬ ਦਾ ਐਲਾਨਨਾਮਾ

ਇਨਕਲਾਬੀ ਏਕਤਾ ਕੇਂਦਰ (ਪੰਜਾਬ) ਦੀ ਸਥਾਪਨਾ ਦਾ ਐਲਾਨ 9 ਨਵੰਬਰ 1986 ਨੂੰ ਜਲੰਧਰ ਵਿਖੇ ਕਮਿਊਨਿਸਟ ਇਨਕਲਾਬੀਆਂ ਦੇ ਇਕ ਵੱਡੇ ਇਕੱਠ ਵਿਚ ਕੀਤਾ ਗਿਆ ਸੀ। ਜਿਸ ਦੌਰਾਨ ਪੰਜ ਕਮਿਊਨਿਸਟ ਗਰੁੱਪਾਂ ਅਤੇ ਕੁਝ ਇਨਕਲਾਬੀ ਤੇ ਜਮਹੂਰੀ ਵਿਅਕਤੀਆਂ ਨੇ ਇਕ ਤਾਲਮੇਲ ਕਮੇਟੀ ਦਾ ਗਠਨ ਕੀਤਾ ਸੀ। ਤਾਲ ਮੇਲ ਕਮੇਟੀ ਨੇ ਕਾਫੀ ਬਹਿਸ ਵਿਚਾਰ ਪਿਛੋਂ ਕੇਂਦਰ ਦਾ ਐਲਾਨਨਾਮਾ (ਖਰੜਾ) ਜਾਰੀ ਕੀਤਾ ਹੈ। ਕੇਂਦਰ ਇਸ ਐਲਾਨਨਾਮੇ ਦਾ ਖਰੜਾ ਜਾਰੀ ਕਰਦਿਆਂ ਉਨ੍ਹਾਂ ਸਾਰੇ ਕਮਿਊਨਿਸਟ ਇਨਕਲਾਬੀ ਗਰੁੱਪਾਂ ਅਤੇ ਵਿਅਕਤੀ ਨੂੰ ਜੋ ਕੇਂਦਰ ਨੂੰ ਮਜ਼ਬੂਤ ਕਰਨਾ ਚਾਹੁੰਦੇ ਹਨ, ਅਪੀਲ ਕਰਦਾ ਹੈ ਕਿ ਐਲਾਨਨਾਮੇ ਨੂੰ ਹੋਰ ਅਮੀਰ ਅਤੇ ਸਾਰਥਕ ਬਣਾਉਣ ਲਈ ਆਪਣੇ ਸੁਝਾਅ ਲਿਖਤੀ ਰੂਪ ਵਿਚ ਕਮੇਟੀ ਪਾਸ ਭੇਜਣ ਅਸੀਂ ਇਨ੍ਹਾਂ ਸੁਝਾਵਾਂ ਨੂੰ ਧਿਆਨ 'ਚ ਰਖਦਿਆਂ ਬਕਾਇਦਾ ਇਸ ਐਲਾਨਨਾਮੇ ਨੂੰ ਮੁਕੰਮਲ ਰੂਪ ਦੇਵਾਂਗੇ।

ਤਾਲਮੇਲ ਕਮੇਟੀ, ਇਨਕਲਾਬੀ ਏਕਤਾ ਕੇਂਦਰ (ਪੰਜਾਬ)

---

1. ਸਮੁੱਚਾ ਮਨੁੱਖੀ ਇਤਿਹਾਸ ਜਮਾਤੀ ਸੰਘਰਸ਼ਾਂ ਦਾ ਇਤਿਹਾਸ ਹੈ। ਸਮਾਜ ਦੇ ਵਿਕਾਸ ਨਾਲ ਇਹ ਸੰਘਰਸ਼ ਉਹੀ ਜਮਾਤ ਜਿੱਤਦੀ ਹੈ ਜੋ ਅਗਾਂਹਵਧੂ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੀ ਹੈ, ਮੌਜੂਦਾ ਦੌਰ ਵਿਚ ਮਾਰਕਸਵਾਦ ਲੈਨਿਨਵਾਦ ਮਾਓ ਵਿਚਾਰਧਾਰਾ ਹੀ ਸਭ ਤੋਂ ਵੱਧ ਵਿਕਸਤ ਅਤੇ ਉੱਨਤ ਸਾਇੰਸ ਹੈ, ਜਿਸ ਦੀ ਤਲਵਾਰ ਨੂੰ ਹਥ ਲੈ ਕੇ ਹੀ ਸਮਾਜ ਦੇ ਅਗਲੇਰੇ ਵਿਕਾਸ ਲਈ ਜਮਾਤੀ ਸੰਘਰਸ਼ ਦੇ ਯੁੱਧ ਵਿਚ ਕੁੱਦਿਆ ਜਾ ਸਕਦਾ ਹੈ ਅਤੇ ਫਤਹਿ ਕੀਤਾ ਜਾ ਸਕਦਾ ਹੈ।

2. ਭਾਰਤੀ ਆਰਥਕਤਾ ਸਮੁੱਚੇ ਸਾਮਰਾਜੀ ਪ੍ਰਬੰਧ ਦਾ ਇਕ ਅਨਿਖੜਵਾਂ ਅੰਗ ਹੈ। ਅਥਾਹ ਕੁਦਰਤੀ ਸਾਧਨਾਂ ਨਾਲ ਅਮੀਰ ਹੋਣ ਦੇ ਬਾਵਜੂਦ ਵੀ ਅੱਜ ਕੰਗਾਲੀ, ਭੁੱਖਮਰੀ, ਮਹਿੰਗਾਈ ਦੇ ਸ਼ਿਕਾਰ ਭਾਰਤੀ ਲੋਕ ਨਰਕੀ ਜ਼ਿੰਦਗੀ ਜਿਉ ਰਹੇ ਹਨ। ਕੁਦਰਤੀ ਸਾਧਨਾਂ ਅਤੇ ਪੈਦਾਵਾਰ ਦੇ ਵਸੀਲਿਆਂ ਉਤੇ ਫਨੀਅਰ ਨਾਗ ਰੂਪੀ ਕੁੰਡਲੀ ਮਾਰੀ ਬੈਠੀ ਹੈ ਮੁੱਠੀ ਭਰ ਧਨਾਡਾਂ ਦੀ ਜੁੰਡੀ ਆਪਣੇ ਸੰਗੀ ਸਾਮਰਾਜ ਨਾਲ ਕਰਿੰਗੜੀ ਪਾਕੇ ਮਿਹਨਤੀ ਲੋਕਾਂ ਦਾ ਖੂਨ ਡੀਕ ਰਹੀ ਹੈ। ਮਿਹਨਤੀ ਲੋਕਾਂ ਨੂੰ ਆਪਣੀ ਕਿਰਤ ਦਾ ਪੂਰਾ ਮੁੱਲ ਨਹੀਂ ਮਿਲ ਰਿਹਾ। ਗਰੀਬ ਕਿਸਾਨ ਅਤੇ ਖੇਤ ਮਜ਼ਦੂਰ ਇਕ ਪਾਸੇ ਵੱਡੇ ਭੌਂ ਮਾਲਕਾਂ ਦੀਆਂ ਧੱਕੜਸ਼ਾਹੀਆਂ ਅਤੇ ਜਬਰ ਦਾ ਸ਼ਿਕਾਰ ਹਨ ਅਤੇ ਦੂਜੇ ਪਾਸੇ ਭਾਰਤੀ ਅਤੇ ਸਾਮਰਾਜੀ ਸਰਮਾਏ ਦੀ ਅੰਨ੍ਹੀ ਲੁਟ ਅਤੇ ਜਬਰ ਦਾ। ਉਧਰ ਕੁਝ ਪੈਦਾਵਾਰੀ ਸਾਧਨਾਂ ਤੇ ਨਾਗ ਕੁੰਡਲੀ ਮਾਰੀ ਬੈਠੀਆਂ ਇਨ੍ਹਾਂ ਜਮਾਤਾਂ ਹੱਥੋਂ ਸਨਅਤੀ ਮਜ਼ਦੂਰ ਅਤੇ ਸਮਾਜ ਦੇ ਹੋਰ ਤਬਕੇ ਅੱਤ ਨਰਕੀ ਅਤੇ ਮੰਦਹਾਲੀ ਦੀ ਜ਼ਿੰਦਗੀ ਭੋਗ ਰਹੇ ਹਨ। ਸਿੱਟੇ ਵਜੋਂ ਲੱਖਾਂ ਕਰੋੜਾਂ ਦੀ ਤਾਦਾਦ 'ਚ ਪੜ੍ਹੇ ਲਿਖੇ ਅਤੇ ਅਨਪੜ ਨੌਜਵਾਨ ਰੁਜ਼ਗਾਰ ਬਾਝੋਂ ਸੜਕਾਂ ਤੇ ਘੁੰਮ ਰਹੇ ਹਨ। ਇਸ ਢਾਂਚੇ ਪਾਸ ਉਨ੍ਹਾਂ ਨੂੰ ਦੇਣ ਲਈ ਰੋਜ਼ਗਾਰ ਦੇ ਕੋਈ ਵਸੀਲੇ ਨਹੀਂ ਨਾ ਹੀ ਭਵਿਖ ਵਿਚ ਕੋਈ ਵੱਡੀ ਸੰਭਾਵਨਾ ਹੀ ਹੈ। ਆਰਥਕ ਸਾਧਨਾਂ ਉਤੇ ਕਾਬਜ਼ ਜਮਾਤਾਂ ਦਾ ਹੀ ਰਾਜਨੀਤੀ ਅਤੇ ਰਾਜਕੀ ਢਾਂਚੇ ਉਤੇ ਕਬਜ਼ਾ ਹੈ। ਸਮੁੱਚੀ ਰਾਜਕੀ ਮਸ਼ੀਨਰੀ ਇਨ੍ਹਾਂ ਜਮਾਤਾਂ ਦੀ ਰਾਖੀ 'ਚ ਹੀ ਭੁਗਤਦੀ ਹੈ। ਭ੍ਰਿਸ਼ਟ ਰਾਜਨੀਤੀ ਅਤੇ ਸਭਿਆਚਾਰ ਨਿਘਾਰ ਦੇ ਸਿੱਟੇ ਵਜੋਂ ਭਾਰਤੀ ਸਮਾਜ ਆਪਣੇ ਪੱਤਣ ਦੀ ਖੱਡ ਵੱਲ ਧੱਸਦਾ ਜਾ ਰਿਹਾ ਹੈ।

3. ਭਾਰਤੀ ਸਮਾਜ ਅੱਜ ਬੇਹੱਦ ਤਿੱਖੀਆਂ ਕਰਵਟਾਂ ਚੋਂ ਗੁਜ਼ਰ ਰਿਹਾ ਹੈ। ਇਕ ਪਾਸੇ ਸਮਾਜ ਦੇ ਸਾਰੇ ਵਰਗਾਂ ਵਿਚ ਬੇਹੱਦ ਤਿੱਖਾ ਰੋਸ ਅਤੇ ਬੇਚੈਨੀ ਪਾਈ ਜਾ ਰਹੀ ਹੈ। ਇਸ ਬੇਚੈਨੀ ਕਾਰਨ ਉਪਰਾਮ ਹੋਏ ਮਿਹਨਤੀ ਲੋਕਾਂ ਦੇ ਸਭੇ ਤਬਕੇ ਕਿਸੇ ਨਾ ਕਿਸੇ ਸ਼ਕਲ ਰਾਹੀਂ ਸੰਘਰਸ਼ 'ਚ ਕੁੱਦੇ ਹੋਏ ਹਨ। ਜੋ ਅਜੇ ਨਹੀਂ ਕੁੱਦੇ ਉਹ ਕੁੱਦਣ ਲਈ ਕਰਵਟਾਂ ਭੰਨ ਰਹੇ ਹਨ ਜਾਂ ਉਸਦੀ ਤਾਂਘ ਰਖਦੇ ਹਨ। ਭਾਵੇਂ ਇਕ ਪੱਖ ਇਹ ਵੀ ਹੈ ਕਿ ਇਹ ਬੇਚੈਨੀ ਤੇ ਰੋਸ ਚੋਂ ਨਿਕਲਿਆ ਗੁੱਸੇ ਦਾ ਪ੍ਰਗਟਾਅ ਕਿਤੇ ਕਿਤੇ ਬੇਹੱਦ ਕੁੱਢਰ ਤੇ ਗਲਤ ਢੰਗਾਂ ਨਾਲ ਵੀ ਹੋ ਰਿਹਾ ਹੈ। ਪਰ ਇਹ ਸਚਾਈ ਹੈ ਕਿ ਭਾਰਤੀ ਮਿਹਨਤੀ ਲੋਕ ਕਿਸੇ ਤਿੱਖੀ ਤਬਦੀਲੀ ਲਈ ਅਹੁਲ ਰਹੇ ਹਨ। ਅੱਜ ਇਸ ਬੇਚੈਨੀ ਨੂੰ ਸਹੀ ਅਤੇ ਸਾਰਥਕ ਰੁੱਖ ਦੇਣ ਲਈ ਕਿਸੇ ਇਨਕਲਾਬੀ ਬਦਲ ਦੀ ਬੇਹੱਦ ਲੋੜ ਮਹਿਸੂਸ ਹੋ ਰਹੀ ਹੈ। ਜੋ ਇਸ ਬੋਦੇ ਹੋ ਚੁੱਕੇ ਸਮਾਜ ਨੂੰ ਢਹਿ ਢੇਰੀ ਕਰਨ ਤੇ ਨਵਾ ਸਮਾਜ ਸਿਰਜਨ ਲਈ ਇਸ ਜਮਾਤੀ ਸੰਘਰਸ਼ ਨੂੰ ਸਹੀ ਸੇਧ ਦੇਵੇ ਅਤੇ ਇਨ੍ਹਾਂ ਲੋਕ ਸੰਗਰਾਮ ਦੇ ਕਾਫਲਿਆਂ ਦੀ ਮੂਹਰੇਲ ਬਣ ਕੇ ਮੂਹਰੇ ਆਵੇ। ਸਿਰਫ ਅਤੇ ਸਿਰਫ ਕਮਿਊਨਿਸਟ

ਇਨਕਲਾਬੀ ਹੀ ਅਜਹੇ ਮੁਹਰੇਲ ਦਸਤੇ ਦਾ ਰੋਲ ਨਿਭਾ ਸਕਦੇ ਹਨ।

4. ਭਾਰਤ ਅਨੇਕਾਂ ਕੌਮੀਅਤਾਂ, ਧਰਮਾਂ ਅਤੇ ਨਸਲੀ ਵਖਰੇਵਿਆਂ ਕਾਰਨ ਵਿੱਲਖਣਤਾ ਰੱਖਦਾ ਹੈ। ਆਪਣੇ ਇਨ੍ਹਾਂ ਵਖਰੇਵਿਆਂ ਦੇ ਬਾਵਜੂਦ ਸਭੇ ਭਾਰਤੀ ਲੋਕਾਂ ਨੇ 1947 ਤੋਂ ਪਹਿਲਾਂ ਬਰਤਾਨਵੀਂ ਬਸਤੀ ਵਾਦੀਆਂ ਤੋਂ ਮੁਕਤੀ ਲਈ ਇਕ ਜੁੱਟ ਹੋ ਕੇ ਸੰਗਰਾਮ ਵਿਢਿਆ ਸੀ। 1947 'ਚ ਸਤਾ ਬਦਲੀ ਤੋਂ ਬਾਅਦ ਵੀ ਇਹ ਵਖਰੇਵੇਂ ਖਤਮ ਨਹੀਂ ਹੋਏ ਸਗੋਂ ਭਾਰਤੀ ਹੁਕਮਰਾਨਾਂ ਦੇ ਗੈਰ ਜਮਹੂਰੀ ਨੀਤੀਆਂ ਕਾਰਨ ਸਮੇਂ ਸਮੇਂ ਇਹ ਵਖਰੇਵੇਂ ਤਿੱਖੇ ਰੂਪ 'ਚ ਉਭਰ ਆਉਂਦੇ ਰਹੇ ਹਨ। ਅੱਜ ਇਸ ਜਾਬਰ ਅਤੇ ਲੁਟੇਰੇ ਪ੍ਰਬੰਧ ਖਿਲਾਫ ਸਭੇ ਕੌਮੀਅਤਾਂ ਨਸਲਾਂ ਦੇ ਲੋਕਾਂ ਨੂੰ ਸਾਂਝੀ ਅਤੇ ਇਕ ਜੁੱਟ ਲੜਾਈ ਲੜਨੀ ਹੋਵੇਗੀ। ਪਰ ਸ਼ਾਤਰ ਭਾਰਤੀ ਹੁਕਮਰਾਨ ਆਪਣੇ ਰਾਜ ਦੀ ਲੰਮੇਰੀ ਉਮਰ ਲਈ ਇਹ ਇਕ ਪਾਸੇ ਮਿਹਨਤੀ ਅਤੇ ਕਿਰਤੀ ਲੋਕਾਂ ਦੇ ਘੋਲਾਂ ਨੂੰ ਜਬਰ ਤੇ ਸੰਗੀਨਾਂ ਨਾਲ. ਕੁੱਚਲਦੇ ਆ ਰਹੇ ਹਨ। ਜਿਵੇਂ ਤਿਲੰਗਾਨਾ. ਤਿਭਾਗਾ, ਨਕਸਲਬਾੜੀ, ਸ੍ਰਿਕਾਕੁਲਮ, ਬੰਬਈ ਦੇ ਕਾਮਿਆਂ, ਰੇਲਵੇ ਮੁਲਾਜ਼ਮ ਤੇ ਹੋਰ ਮਜ਼ਦੂਰਾਂ ਮਿਹਨਤ-ਕਸ਼ਾਂ ਦੇ ਘੋਲ ਅਤੇ ਦੂਜੇ ਪਾਸੇ ਸਮੇਂ ਸਮੇਂ ਕੌਮੀ ਸ਼ਾਵਨ-ਵਾਦ, ਇਲਾਕਵਾਦ ਤੇ ਫਿਰਕਾ ਪ੍ਰਸਤੀ ਭੜਕਾ ਕੇ ਲੋਕ ਘੋਲਾਂ ਨੂੰ ਲੀਹੋਂ ਲਾਹੁਣ ਦੀਆਂ ਕੋਸ਼ਿਸ਼ ਕਰਦੇ ਹਨ। ਨਾਲ ਦੀ ਨਾਲ ਰਾਜ ਕਰ ਰਹੀ ਹਾਕਮਾਂ ਦੀ ਸਭ ਤੋਂ ਵੱਡੀ ਪਾਰਟੀ ਕਾਂਗਰਸ ਲੋਕਾਂ ਨੂੰ ਨਿੱਤ ਨਵੇਂ ਭਰਮਾਊ ਨਾਅਰਿਆਂ, ਜਿਵੇਂ ਕਿ 'ਗਰੀਬੀ ਹਟਾਓ'' ਸਮਾਜਵਾਦ ਲਿਆਓ', 'ਦੇਸ਼ ਦੀ ਏਕਤਾ ਅਖੰਡਤਾ' ਆਦਿ ਨਾਲ ਗੁਮਰਾਹ ਕਰਦੀ ਆ ਰਹੀ ਹੈ। ਧਾਰਮਕ ਸਨਾਤਨਵਾਦ, ਇਲਾਕਾਈ, ਜਾਤਪਾਤ ਅਤੇ ਫਿਰਕਾ ਪ੍ਰਸਤੀ ਆਦਿ ਦੀ ਵਬਾ ਫੈਲਾ ਕੇ ਮਿਹਨਤੀ ਲੋਕਾਂ ਨੂੰ ਆਪਸ ਵਿਚ ਲੜਾਉਣ ਦੀ ਗੰਦੀ ਰਾਜਨੀਤੀ ਦੀ ਖੇਡ ਵਿਚ ਗਲਤਾਨ ਹੈ। ਘੱਟ ਵੱਧ ਰੂਪ 'ਚ ਸਭੇ ਬਾਕੀ ਹਾਕਮ ਜਮਾਤਾਂ ਦੀਆਂ ਕੇਂਦਰੀ ਅਤੇ ਖੇਤਰੀ ਪਾਰਟੀਆਂ ਵੀ ਕਿਸੇ ਤਰ੍ਹਾਂ ਪਿਛੇ ਨਹੀਂ। ਸਭੇ ਹੀ ਮਿਹਨਤੀ ਲੋਕਾਂ ਦੀ ਹੱਕੀ ਲੜਾਈ ਨੂੰ ਔਝੜੇ ਪਾਉਣ ਵਿਚ ਰੁਝੀਆਂ ਹੋਈਆਂ ਹਨ।

5. ਭਾਰਤ ਦਾ ਰਾਜਕੀ ਢਾਂਚਾ ਕਹਿਣ ਨੂੰ ਫੈਡਰਲ ਹੈ। ਅਸਲ 'ਚ ਜਮਹੂਰੀਅਤ ਦੇ ਨਾਂ ਹੇਠ ਉਸਰਿਆ ਏਕਾਤਮਿਕ ਢਾਂਚਾ ਹੈ। ਜੋ ਸਿਰ ਤੋਂ ਪੈਰਾਂ ਤਕ ਹਥਿਆਰ ਬੰਦ ਹੈ। ਅਤੇ ਲੋਟੂ ਹਾਕਮਾਂ ਦੀ ਤਾਨਾਸ਼ਾਹੀ ਹੈ। ਭਾਰਤੀ ਪਾਰਲੀਮੈਂਟ ਇਨ੍ਹਾਂ ਲੁਟੇਰੀਆਂ ਅਤੇ ਜਾਬਰ ਮਾਲਕ ਜਮਾਤਾਂ ਲਈ ਉਹ ਅਖਾੜਾ ਹੈ, ਜਿਥੇ ਪੰਜ ਸਾਲ ਪਿਛੋਂ ਲੁੱਟ ਅਤੇ ਜਬਰ ਦੀ ਛੜੀ ਫੜਨ ਦਾ ਫੈਸਲਾ ਹੁੰਦਾ ਹੈ। ਕਮਜ਼ੋਰ ਅਤੇ ਸਾਮਰਾਜ ਨਿਰਭਰ ਆਰਥਕਤਾ ਉਸੇ ਉਸਰੀ ਭਾਰਤੀ ਜਮਹੂਰੀਅਤ ਇਕ ਐਸੀ ਲੰਗੜੀ ਤੇ ਜਾਬਰ ਸਮਹੂਰੀਅਤ ਹੈ ਜੋ ਅਕਸਰ ਮਜ਼ਦੂਰਾਂ, ਮਿਹਨਤੀ ਲੋਕਾਂ, ਖੇਤਰੀ ਸੰਘਰਸ਼ਾਂ ਤੇ ਕੌਮੀਅਤਾਂ ਦੀਆਂ ਸਮੱਸਿਆਵਾਂ ਆਦਿ ਨੂੰ ਜਬਰ ਕਾਲੇ ਕਾਨੂੰਨਾਂ, ਪੁਲਸੀ ਲਾਠੀਆਂ ਤੇ ਫ਼ੌਜੀ, ਨੀਮ ਫ਼ੌਜੀ ਸੰਗੀਨਾ ਨਾਲ ਦੱਬਾਉਣ ਤੇ ਉਤਰ ਆਉਂਦੀ ਹੈ। ਦਿਨੋ ਦਿਨ ਵੱਧ ਰਹੇ ਆਰਥਕ ਅਤੇ ਸਮਾਜਕ ਸੰਕਟ 'ਚੋਂ ਆਪਣੇ ਢਾਂਚੇ ਦਾ ਕੇਂਦਰੀਕਰਨ ਅਤੇ ਫੌਜੀਕਰਨ ਦੇ ਰਾਹ ਪਈ ਇਹ ਹਕੂਮਤ ਨਿੱਤ ਨਵੇਂ ਕਾਨੂੰਨ ਦਾ ਸਹਾਰਾ ਲੈਂਦੀ ਹੈ। ਸਿੱਟੇ ਵਜੋਂ ਭਾਰਤੀ ਸੰਵਿਧਾਨ ਇਸ ਦੇ ਹੱਥ 'ਚ ਰਬੜ ਦਾ ਖਿਡੌਣਾ ਬਣ ਕੇ ਰਹਿ ਗਿਆ ਹੈ। ਸੰਸਾਰ ਸਾਮਰਾਜੀ ਪ੍ਰਬੰਧ ਦਾ ਅੰਗ ਹੋਣ ਦੇ ਨਾਤੇ ਸਾਮਰਾਜ ਨਾਲ ਸਥਾਈ ਸਾਂਝੇਦਾਰੀ ਅਤੇ ਨਿਰਭਰਤਾ ਦੇ ਕਾਰਨ ਸਾਮਰਾਜ ਭਾਰਤੀ ਸਿਆਸਤ ਨੂੰ ਲਗਾਤਾਰ ਪ੍ਰਭਾਵਤ ਕਰਦਾ ਰਹਿੰਦਾ ਹੈ।

6. ਅੱਜ ਭਾਰਤੀ ਮਿਹਨਤਕਸ਼ ਲੋਕਾਂ ਦੀ ਚੋਟ ਦਾ ਨਿਸ਼ਾਨਾ ਨਿਪੁੰਸਕ ਭਾਰਤੀ ਲੁਟੇਰਾ ਪ੍ਰਬੰਧ ਹੈ। ਲੁਟੇਰੇ ਹਾਕਮਾਂ ਦੀ ਤਾਨਾਸ਼ਾਹੀ ਨੂੰ ਇਨਕਲਾਬ ਰਾਹੀਂ ਭੰਨ ਕੇ ਮਜ਼ਦੂਰ ਤੇ ਕਿਸਾਨ ਦੀ ਤਾਨਾਸ਼ਾਹੀ ਸਥਾਪਤ ਕਰਨਾ ਮਿਹਨਤੀ ਤੇ ਕਿਰਤੀ ਲੋਕਾਂ ਦਾ ਸੁਚਾ ਅਤੇ ਸੱਚਾ ਕਾਰਜ ਹੈ। ਜਿਸ ਤਹਿਤ ਸਮੁੱਚੇ ਪੈਦਾਵਾਰ ਦੇ ਵਸੀਲਿਆਂ ਤੋਂ ਲੁਟੇਰੇ ਮਾਲਕਾਂ ਦੀ ਜਕੜ ਤੋੜ ਕੇ ਭਾਰਤੀ ਸਮਾਜ ਦੇ ਆਰਥਕ ਤੇ ਸਮਾਜਿਕ ਵਿਕਾਸ ਨੂੰ ਆਪਣੇ ਅਗਲੇ ਇਤਿਹਾਸਕ ਪੜਾ ਤੇ ਲਿਜਾਇਆ ਜਾ ਸਕਦਾ ਹੈ ਪਰ ਇਹ ਪਵਿੱਤਰ ਕਾਰਜ ਸਿਰਫ ਭਾਰਤੀ ਮਜ਼ਦੂਰ ਤੇ ਕਿਸਾਨ ਹੀ ਇਕ ਇਨਕਲਾਬੀ ਪਾਰਟੀ ਦੀ ਅਗਵਾਈ ਹੇਠ ਨਿਭਾ ਸਕਦੇ ਹਨ।

7. ਜਿਵੇਂ ਕਿ ਹਰ ਸਮਾਜ ਦੇ ਵਿਗਿਆਨੀਆਂ ਅਤੇ ਅਗਵਾਨੂੰਆਂ ਨੂੰ ਬੇਹੱਦ ਗੁੰਝਲਦਾਰ ਦਰਪੇਸ਼ ਸਮਾਜੀ ਸਿਆਸੀ ਅਤੇ ਵਿਚਾਰਧਾਰਕ ਹਾਲਤਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਤਿਵੇਂ ਹੀ ਭਾਰਤੀ ਕਮਿਊਨਿਸਟ ਇਨਕਲਾਬੀਆਂ ਨੂੰ ਵੀ ਅਜੇਹੀ ਸੰਕਟ ਗ੍ਰਸਤ ਹਾਲਤ ਚੋਂ ਲੰਘਣਾ ਪੈ ਰਿਹਾ ਹੈ। ਪਰ ਸਭੇ ਕਾਸੇ ਦੇ ਬਾਵਜੂਦ ਇਕ ਆਸ਼ੇ ਅਤੇ ਇਕ ਟੀਚੇ ਨੂੰ ਲੈ ਕੇ ਚਲੇ ਅਤੇ ਸਮਾਜ ਨੂੰ ਬਦਲਣ ਦੇ ਮਹਾਂਬਲੀ ਕਾਰਜ ਨੂੰ ਅਪਣਾਏ, ਇਹ ਵਿਗਿਆਨ ਨੂੰ ਅਵੱਸ਼ ਹੀ ਤਿੱਖੇ ਵਿਚਾਰਧਾਰਕ ਅਖਾੜਿਆਂ 'ਚੋਂ ਲੰਘ ਕੇ ਆਪਣੇ ਸਿਰ ਪਈ ਇਤਿਹਾਸਕ ਜੁੰਮੇਵਾਰੀ ਨੂੰ ਨਿਭਾਉਣ ਵਿਚ ਸਫਲ ਹੋਣਗੇ। ਇਸ ਦੀ ਸਾਨੂੰ ਪੂਰਨ ਆਸ ਹੈ ਅਤੇ ਵਿਸ਼ਵਾਸ਼ ਹੈ ਅਤੇ ਇਨਕਲਾਬੀ ਏਕਤਾ ਕੇਂਦਰ ਇਸ ਵਿਚ ਆਪਣੀ ਸਮਰੱਥਾ ਮੁਤਾਬਕ ਯੋਗਦਾਨ ਪਵੇਗਾ।

ਸੋ ਇਨਕਲਾਬੀ ਏਕਤਾ ਕੇਂਦਰ (ਪੰਜਾਬ) ਆਪਣੀ ਤਾਕਤ ਅਤੇ ਸਮਰੱਥਾ ਮੁਤਾਬਕ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਵਿਚ ਹੋਰਾਂ ਇਨਕਲਾਬੀ ਅਤੇ ਜਮਹੂਰੀ ਤਾਕਤਾਂ ਨਾਲ ਮਿਲ ਕੇ ਬਣਦਾ ਯੋਗਦਾਨ ਪਾਉਣ ਲਈ ਹੇਠ ਕਾਰਜ ਹੱਥ ਲੈਂਦਾ ਹੈ।

(ੳ) ਕੇਂਦਰ ਮਾਰਕਸਵਾਦ ਲੈਨਿਨਵਾਦ-ਮਾਉ ਵਿਚਾਰਧਾਰਾ ਦੇ ਪ੍ਰਚਾਰ ਪ੍ਰਸਾਰ ਲਈ ਉਪਰਾਲੇ ਜੁਟਾਵੇਗਾ।

(ਅ) ਕੇਂਦਰ ਖਿੰਡੇ ਪੁੰਡੇ ਕਮਿਊਨਿਸਟ ਇਨ-ਕਲਾਬੀਆਂ ਦਰਮਿਆਨ ਦੋਸਤਾਨਾ ਮਹੌਲ ਬਣਾਉਣ ਅਤੇ ਵੱਖਰੇ ਵੱਖਰੇ ਸਿਧਾਂਤਕ ਅਤੇ ਵਿਚਾਰਧਾਰਕ ਮਤਭੇਦਾਂ ਵਿਚਾਰਾਂ ਨੂੰ ਸਮਝਣ ਸਮਝਾਉਣ ਲਈ ਵਚਨਬੱਧ ਹੈ।

(ੲ) ਕੇਂਦਰ ਵਿਗਿਆਨਕ ਸਮਾਜਵਾਦ ਦੀ ਪ੍ਰਾਪਤੀ ਲਈ ਵਚਨਬੱਧ ਹੈ ਜਿਥੇ ਹਰ ਵਿਅਕਤੀ ਨੂੰ ਉਸ ਦੀ ਯੋਗਤਾ ਮੁਤਾਬਕ ਕੰਮ ਮਿਲੇਗਾ ਅਤੇ ਵਿਅਕਤੀ ਦੀਆਂ ਜ਼ੁੰਮੇਵਾਰੀਆਂ ਦੀ ਗਰੰਟੀ ਸਰਕਾਰ ਅਤੇ ਸਮਾਜ ਦੀ ਹੋਵੇਗੀ।

(ਸ) ਕੇਂਦਰ ਐਸੇ ਸਮਾਜ ਸਿਰਜਨ ਦਾ ਪਾਬੰਦ ਹੈ ਜੋ ਜਮਾਤੀ, ਕੌਮੀਅਤਾਂ, ਧਰਮਾਂ, ਨਸਲਾਂ, ਲਿੰਗ, ਜਾਤਾਂ ਆਦਿ ਦੇ ਵਖਰੇਵਿਆਂ ਤੋਂ ਮੁਕਤ ਹੋਵੇਗਾ ਅਤੇ ਧਰਮ ਨੂੰ ਵਿਅਕਤੀ ਦਾ ਨਿੱਜੀ ਮੁਆਮਲਾ ਕਰਾਰ ਦਿੱਤਾ ਜਾਵੇਗਾ। ਧਰਮ ਨੂੰ ਰਾਜ ਦੀ ਸਰਪਰਸਤੀ ਨਹੀਂ ਹੋਵੇਗੀ।

(ਹ) ਕੇਂਦਰ ਅਜੇਹੇ ਰਾਜ ਦੀ ਸਿਰਜਨਾਂ ਦੇ ਹੱਕ ਵਿਚ ਹੈ ਜਿਥੇ ਹਰ ਕੌਮੀਅਤ ਨੂੰ ਸਵੈ-ਨਿਰਣੇ ਦਾ ਅਧਿਕਾਰ ਹੋਵੇਗਾ। ਸਭੇ ਕੌਮੀਅਤਾਂ ਅਤੇ ਖੇਤਰਾਂ ਦੇ ਮਸਲੇ ਜਮਹੂਰੀ ਅਤੇ ਆਪਸੀ ਵਿਸ਼ਵਾਸ਼ ਨਾਲ ਹੱਲ ਕੀਤੇ ਜਾਣਗੇ। ਸਭੇ ਕੌਮੀਅਤਾਂ ਦੇ ਸਭਿਆਚਾਰ ਭਾਸ਼ਾ ਆਦਿ ਨੂੰ ਵਿਕਸਤ ਹੋਣ ਦੇ ਪੂਰੇ ਮੌਕੇ ਮੁਹੱਈਆ ਕੀਤੇ ਜਾਣਗੇ ਅਤੇ ਉਨ੍ਹਾਂ ਦੀ ਆਜ਼ਾਦ ਇੱਛਾ ਉਤੇ ਘੁਲਣ ਮਿਲਣ ਨੂੰ ਅੱਗੇ ਵਧਾਇਆ ਜਾਵੇਗਾ।

(ਕ) ਕੇਂਦਰ ਇਹਨਾਂ ਦੀ ਪ੍ਰਾਪਤੀ ਲਈ ਹੋਰਾਂ ਜਮਹੂਰੀ ਅਤੇ ਲੋਕ ਪੱਖੀ ਤਾਕਤਾਂ ਸੰਗ ਮਿਲ ਕੇ ਸਮੇਂ ਸਮੇਂ ਸਿਰ ਵਿਸ਼ਾਲ ਜਨ-ਤਾਕਤ ਦੀ ਲਾਮਬੰਦੀ ਕਰਦਿਆਂ ਜਮਾਤੀ ਅਤੇ ਤਬਕਾਤੀ ਸੰਘਰਸ਼ਾਂ ਵਿਚ ਕੁੱਦੇਗਾ ਅਤੇ ਇਸ ਪ੍ਰਬੰਧ ਨੂੰ ਤਹਿਸ਼ ਨਹਿਸ਼ ਕਰਨ ਵਿਚ ਆਪਣਾ ਯੋਗਦਾਨ ਪਾਵੇਗਾ।

(ਖ) ਕੇਂਦਰ ਵਿਦਿਆ ਦੇ ਜਮਹੂਰੀ-ਕਰਨ ਲਈ ਸੰਘਰਸ਼ ਕਰੇਗਾ। ੦੦

## ਪੱਛਮੀ ਜਰਮਨੀ 'ਚ ਸ਼ਹੀਦੀ ਸਮਾਗਮ

ਸੁੱਚਾ ਸਿੰਘ ਨਰ

ਆਪਣੇ ਦੇਸ਼ ਵਿੱਚ ਵਧ ਰਹੇ ਜਿਤਮੋਂ-ਜ਼ੁਲਮ, ਉਹ ਜੋ; ਇਕ ਪਾਸੇ ਭਾਰਤੀ ਮਿਹਨਤੀ ਲੋਕਾਂ ਤੇ ਸਾਮਰਾਜੀ ਸਰਕਾਰ ਵਲੋਂ ਅਤੇ ਦੂਜੇ ਪਾਸੇ ਹਿੰਦੂ-ਸਿੱਖ ਵਿਰਕੂ ਜਨੂੰਨੀਆਂ ਵਲੋਂ ਆਪਣੇ 2 ਧਰਮ ਨੂੰ ਬਚਾਉਣ ਦੀ ਆੜ ਹੇਠ ਬੇ-ਸਹਾਰਾ ਤੇ ਬੇ-ਹਥਿਆਰੇ ਲੋਕਾਂ ਦੇ ਚੜ੍ਹਦੇ ਸੂਰਜ ਕਤਲ ਕਰਕੇ ਕਿਰਤੀ ਲੋਕਾਂ ਵਿਚ ਦਹਿਸ਼ਤਗਰਦੀ ਤੇ ਬੁਰਸ਼ਾਗਰਦੀ ਦੀ ਹਨੇਰੀ ਝੁਲਾਕੇ ਢਾਇਆ ਜਾ ਰਿਹਾ ਹੈ, ਨੇ ਆਖਰਕਾਰ ਦੇਸ਼ੋਂ ਹਜ਼ਾਰਾਂ ਮੀਲ ਦੂਰ ਪੱਛਮੀ ਜਰਮਨੀ ਦੇ ਰਹਿ ਰਹੇ ਕਮਿਊਨਿਸਟਾਂ ਨੂੰ ਵੀ ਇੱਕ ਸਾਂਝੇ ਪਲੇਟ-ਫਾਰਮ ਤੇ ਇਕੱਠੇ ਹੋਕੇ ਸੰਘਰਸ਼ ਕਰਨ ਲਈ ਮਜਬੂਰ ਕਰ ਦਿੱਤਾ ਹੈ।

25 ਤੇ 27 ਸਤੰਬਰ ਨੂੰ, ਲਗਾਤਾਰ ਸਿਰਕੱਢ ਕਮਿਊਨਿਸਟਾਂ; ਕਾਮਰੇਡ ਦਰਸ਼ਨ ਸਿੰਘ 'ਕਨੇਡੀਅਨ' (ਸੀ. ਪੀ. ਆਈ) ਅਤੇ ਕਾਮਰੇਡ ਬਲਦੇਵ ਸਿੰਘ 'ਮਾਨ' ਸੀ. ਪੀ. ਆਈ. (ਮ. ਲ) ਦੇ ਖਾਲਸਿਤਾਨੀ ਬੁਰਸ਼ਾਗਰਦਾਂ ਵਲੋਂ ਬੇ ਰਹਿਮ ਤੇ ਨਾ ਬਰਦਾਸ਼ਤ ਕਰਨ ਵਾਲੇ ਕਤਲਾਂ ਨੇ ਸਾਰੇ ਦੇਸ਼ ਵਾਸੀਆਂ ਅਤੇ ਦੇਸ਼ੋਂ ਬਾਹਰ ਰਹਿ ਰਹੇ ਮਿਹਨਤੀ ਜਮਾਤ ਨਾਲ ਪ੍ਰਣਾਏ ਹੋਏ ਭਾਰਤ-ਵਾਸੀਆਂ ਨੂੰ ਝੰਜੋੜਕੇ ਰੱਖ ਦਿੱਤਾ ਹੈ।

ਕਿੰਨੇ ਸਿਤਮ ਦੀ ਗੱਲ ਹੈ, ਕਿ ਜਿਹੜੇ ਕਮਿਊ-ਨਿਸਟ ਆਪਣੇ ਲੋਕਾਂ ਨੂੰ ਮੁੜ ਸੰਤਾਲੀ ਵਰਗੀ ਖੂਨੀ ਹਨੇਰੀ ਤੋਂ ਬਚਾਉਣ ਲਈ ਅਤੇ ਕਿਰਤੀ ਜਮਾਤ ਦੀ ਮਿਹਨਤ ਦੀ ਰਾਖੀ ਲਈ ਆਪਣੇ ਜੀਵਨ ਦੇ ਸੁੱਖ-ਅਰਾਮ ਤਿਆਗਕੇ ਇਸ ਸੰਘਰਸ਼ 'ਚ ਜੂਝ ਰਹੇ ਹਨ, ਅੱਜ ਉਹ ਆਪ ਇਸ ਮੁੜ ਵਾਪਰਨ ਵਾਲੀ ਸੰਤਾਲੀ ਨੂੰ ਰੋਕਣ ਦੇ ਲਈ ਰਸਤੇ 'ਚ ਆਪਣੀਆਂ ਜਾਨਾਂ ਵਾਰ ਵਾਰਕੇ, ਆਪਣੇ ਲੋਕਾਂ ਲਈ ਚਟਾਨਾਂ ਵਾਂਗ ਮੀਲ ਪੱਥਰ ਬਣ ਬਣਕੇ ਖੜ੍ਹ ਰਹੇ ਹਨ।

ਇਨ੍ਹਾਂ ਦੋ ਮਹਾਨ ਹਸਤੀਆਂ ਦੀਆਂ ਸ਼ਹੀਦੀਆਂ ਤੋਂ ਪਹਿਲਾਂ ਸਾਥੀ ਸੁਮੀਤ ਸਿੰਘ ਸੰਪਾਦਕ ਪ੍ਰੀਤ ਲੜੀ, ਸਾਥੀ ਸੁਖਰਾਜ ਖੱਦਰ ਸੰਪਾਦਕ ਚੰਗਾੜ੍ਹੀ, ਸਾਥੀ ਰਤਨ ਸਿੰਘ ਪਟਵਾਰੀ ਸਰਗਰਮ ਪੱਤਰ ਪ੍ਰੇਰਕ ਸੁਰਖ ਰੇਖਾ, ਕਾਮਰੇਦ ਅਰਜਨ ਸਿੰਘ ਮਸਤਾਨਾ, ਸਾਥੀ ਅਜੀਤ ਰਾਮ ਆਪਣੇ ਅੱਠ ਸਾਲਾ ਪੁੱਤਰ ਸਮੇਤ ਅਤੇ ਕਾਮਰੇਡ ਅਵਤਾਰ ਸਿਘ ਡਾਕਟਰ ਦੇ ਬਿਨ੍ਹਾਂ ਕਿੰਨੇ ਹੋਰ ਨਿਰਦੋਸ਼ੇ ਸਿੱਖਾਂ ਤੇ ਹਿੰਦੂਆਂ ਦੇ ਬੇ-ਰਹਿਮੀ ਨਾਲ ਕਤਲ ਇਨ੍ਹਾਂ

ਖਾਲਿਸਤਾਨੀ ਬੁਰਸ਼ਾਗਰਦਾਂ ਅਤੇ ਹਿੰਦੂਰਾਸ਼ਟਰੀ ਲਾਣੇ ਵਲੋਂ ਕੀਤੇ ਗਏ ਹਨ। ਕੀ ਇਹ ਜ਼ੁਲਮ ਇਸ ਤਰ੍ਹਾਂ ਹੀ ਹੁੰਦਾ ਹੀ ਰਹੇਗਾ ਤੇ ਅਸੀਂ ਸਾਰੇ ਭਾਰਤੀ ਖਾਸ ਕਰਕੇ ਪੰਜਾਬੀ ਲੋਕ ਇਸ ਤਰਾਂ ਹੀ ਬੈਠੇ ਦੇਖਦੇ ਰਹਾਂਗੇ ਚੁੱਪ ਕਰਕੇ ? ਨਹੀਂ ! ਕਦੇ ਵੀ ਨਹੀ ਹੁਣ ਵੇਲਾ ਸਾਰੇ ਮਿਹਨਤੀ ਲੋਕਾਂ ਨੂੰ ਇਕ ਹੋਕੇ ਇਨ੍ਹਾਂ ਸਾਰੇ ਬੁਰਸ਼ਾ ਗ਼ਰਦਾਂ ਵਿਰੁੱਧ ਜਿਵੇਂ ਵੀ ਹੋ ਸਕੇ ਵਿਚਾਰਧਾਰਕ ਤੌਰ ਤੇ (ਜਿਸ ਨਾਲ ਇਹ ਮੰਨਣ ਵਾਲੇ ਨਹੀ) ਜਾਂ ਹਥਿਆਰਬੰਦ ਹੋਕੇ ਸਾਂਝਾ ਜਹਾਦ ਛੇੜਨ ਦਾ ਹੈ।

ਉਪਰੋਕਤ ਲੰਬੇ ਸਮੇਂ ਤੋਂ ਹੋ ਰਹੇ ਬੇ ਦੋਸ਼ਿਆਂ ਦੇ ਕਤਲ ਨੂੰ ਮੁੱਖ ਰੱਖਕੇ ਇੱਥੇ ਜਰਮਨੀ ਰਹਿ ਰਹੇ ਵੱਖੋ ਵੱਖ ਕਮਿਉਨਿਸਟ ਪਾਰਟੀਆਂ ਦੇ ਸਰਗਰਮ ਵਰਕਰਾਂ ਵਲੋਂ ਆਪਣੇ ਅਮਨ-ਪਸੰਦ ਭਾਰਤੀ ਲੋਕਾਂ ਨੂੰ, ਆਪਣੇ ਤੋਂ ਜਬਰੀ ਵਿਛੋੜੇ ਗਏ ਸਾਥੀਆਂ ਨੂੰ ਸਾਂਝੀ ਸ਼ਰਧਾਂਜਲੀ ਅਰਪਨ ਕਰਨ ਲਈ ਸੱਦਾ ਦਿੱਤਾ ਗਿਆ ਸੀ। ਜਿਸਨੂੰ ਕਿ ਕੁੱਝ ਵਸੀਲਿਆਂ ਦੀ ਘਾਟ ਹੋਣ ਦੇ ਬਾਵਜੂਦ ਵੀ ਭਰਵਾਂ ਹੁੰਗਾਰਾ ਮਿਲਿਆ ਅੰਤੇ ਉਮੀਦ ਰੱਖਦੇ ਹਾਂ ਕਿ ਅੱਗੇ ਤੋਂ ਕਿਸੇ ਵੀ ਅਗਾਂਹਵਧੂ ਚੁੱਕੇ ਗਏ ਕਦਮ 'ਚ ਇਸ ਤੋਂ ਕਿਤੇ ਜ਼ਿਆਦਾ ਕਾਮਯਾਬੀ ਹੋਵੇਗੀ।

ਸ਼ੋਕ ਸਮਾਗਮ ਵਿੱਚ ਹੇਠ ਲਿਖੇ ਨਾਵਾਂ ਵਾਲੇ ਸਾਥੀਆਂ ਨੇ ਸ਼ਹੀਦ ਹੋ ਚੁੱਕੇ ਸਾਥੀਆਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਜੋ ਕਿ ਸਾਰੇ ਹੀ ਵੱਖੋ ਵੱਖ ਸ਼ਹਿਰਾਂ ਤੋਂ ਆਏ ਹੋਏ ਸਨ।

ਸੀ. ਪੀ. ਆਈ ਵਲੋਂ–ਕਾਮਰੇਡ ਕੇਹਰ ਸ਼ਰੀਫ਼
ਸੀ. ਪੀ. ਆਈ (ਮ) ਵਲੋਂ–ਕਾਮਰੇਡ ਚੂਨੀ ਲਾਲ
ਸੀ. ਪੀ. ਆਈ (ਮ. ਲ) ਵਲੋਂ ਪਰਮਜੀਤ ਸਿੰਘ ਕਾਹਮਾ ਸਾਬਕਾ ਜਨਰਲ ਸਕੱਤਰ ਪੰਜਾਬ ਸਟੂਡੈਂਟਸ ਯੂਨੀਅਨ ਅਤੇ ਸੀ. ਪੀ. ਆਈ (ਮ: ਲ) ਵਲੋਂ ਹੀ ਕਾਮਰੇਡ ਸੰਤੋਖ ਸਿੰਘ ਲਾਂਧੜਾ, ਮੇਜਰ ਸਿੰਘ ਝਿੰਗੜ, ਸਤਨਾਮ ਸਿੰਘ ਖਰਮਚੋਂ, ਰੂਮ ਜਰਮਨੀ ਅਤੇ ਸੁੱਚਾ ਸਿੰਘ ਨਰ।

ਸ਼ਰਧਾਂਜਲੀ ਵੇਲੇ ਸਮਾਗਮ 'ਚ ਸਾਥੀ ਕੇਹਰ ਸਿੰਘ ਸ਼ਰੀਫ ਹੋਰੀਂ ਬੋਲਦਿਆਂ ਕਿਹਾ, "ਅਸੀਂ ਜੋ ਪ੍ਰਦੇਸ ਵਸਦੇ ਹਾਂ-ਪੰਜਾਬ ਦੇ ਲੋਕਾਂ ਦੇ ਦੁੱਖ 'ਚ ਸਾਰੇ ਦੇ ਸਾਰੇ ਹੀ ਸ਼ਰੀਕ ਹਾਂ-ਆਸ ਕਰਦੇ ਹਾਂ ਕਿ ਦਹਿਸ਼ਤ ਗਰਦਾਂ ਵਲੋਂ ਬੁਜ਼ਦਿੱਲੀ ਨਾਲ ਖੋਹ ਲਏ ਸਾਡੇ ਸਾਥੀਆਂ ਦੀ ਯਾਦ ਨੂੰ ਆਪਣੇ ਸੀਨੇ 'ਚ ਰੱਖਾਂਗੇ-ਉਹਨਾਂ ਦੀ ਯਾਦ ਦਾ ਮੁੱਲ ਪਾਵਾਂਗੇ। ਆਪਣੇ ਲੋਕਾਂ ਤੋਂ ਜਿੰਦ ਵਾਰਿ ਗਏ ਸਾਥੀਆਂ ਨੂੰ ਸੱਭ ਤੋਂ ਲੋੜੀਂਦੀ ਸ਼ਰਧਾਂਜਲੀ ਇਹ ਹੀ ਹੈ ਕਿ ਦਹਿਸ਼ਤ ਗਰਦੀ ਦੇ ਖਿਲਾਫ ਖੱਬੀਆਂ ਪਾਰਟੀਆਂ ਵਲੋਂ ਸਾਂਝੀ ਲਹਿਰ ਉਸਾਰਕੇ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਲਈ ਅੱਗੇ ਵਧਿਆ ਜਾਵੇ।

ਪਰਮਜੀਤ ਸਿੰਘ ਕਾਹਮਾ ਜੀ ਨੇ ਸਮਾਗਮ 'ਚ ਸ਼ਰਧਾਂਜਲੀ ਵੇਲੇ ਆਪਣੇ ਲੋਕਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ, ਇਹ ਜੋ ਫਿਰਕੂ ਦਹਿਸ਼ਤਗਰਦਾਂ ਵਲੋਂ ਸਾਡੇ ਕਮਿਉਨਿਸਟਾਂ ਅਤੇ ਅਗਾਂਹਵਧੂ ਲੋਕਾਂ ਦੇ ਨਾਲ 2 ਹੋਰ ਸਧਾਰਨ ਮਿਹਨਤੀ ਲੋਕਾਂ ਤੇ ਨਿੱਤ ਆਏ ਦਿਨ ਹਮਲੇ ਵਧਦੇ ਜਾ ਰਹੇ ਹਨ ਇਨ੍ਹਾਂ ਨੂੰ ਅਸੀਂ ਕਦੇ ਵੀ ਬਰਦਾਸ਼ਤ ਨਹੀਂ ਕਰਾਂਗੇ। ਇਹ ਚਾਹੇ ਹਮਲੇ ਲੋਕ ਰੱਖਿਆ ਦੇ ਨਾਂ ਤੇ ਸਰਮਾਏਦਾਰ ਸਰਕਾਰ ਵਲੋਂ ਸਾਡੇ ਮਿਹਨਤੀ ਲੋਕਾਂ ਤੇ ਹੋ ਰਹੇ ਹਨ ਤੇ ਜਾਂ ਹਿੰਦੂ-ਸਿੱਖ ਫਿਰਕੂ ਜਨੂੰਨੀਆਂ ਵਲੋਂ ਹੋ ਰਹੇ ਹਨ।

'ਕਾਹਮਾਂ' ਜੀ ਨੇ ਅੱਗੇ ਚੱਲਕੇ ਕਿਹਾ ਕਿ ਕਾਮਰੇਡ ਦਰਸ਼ਨ ਸਿੰਘ ਕਨੇਡੀਅਨ ਅਤੇ ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਾਬਕਾ ਸਰਗਰਮ ਮੈਂਬਰ ਕਾਮਰੇਡ ਬਲਦੇਵ ਸਿੰਘ ਮਾਨ ਦੀ ਸ਼ਹੀਦੀ ਲੋਕ ਰੋਹ ਨੂੰ ਸਹੀ ਦਿਸ਼ਾ ਵੱਲ ਢਾਲਕੇ ਇਨਕਲਾਬ ਲਈ ਹੋਰ ਅੱਗੇ ਵਧਣ 'ਚ ਰਾਹ ਦਸਦੀ ਰਹੇਗੀ। ਅਤੇ ਪੰਜਾਬ ਸਟੂਡੈਂਟਸ ਯੂਨੀਅਨ ਨੂੰ ਹੋਰ ਖਾੜਕੂ ਸੰਘਰਸ਼ ਦੇ ਨਾਲ ਨਾਲ ਆਪਣੀਆਂ ਪੁਰਾਣੀਆਂ ਰਵਾਇਤਾਂ ਨੂੰ ਵੀ ਕਾਇਮ ਰੱਖਣ ਲਈ ਪ੍ਰੇਰਿਤ ਕਰੇਗੀ। ਵਿਦਿਆਰਥੀ ਲਹਿਰ ਨੂੰ ਹੋਰ ਤਿੱਖਾ ਤੇ ਉਤ-ਸ਼ਾਹਿਤ ਸੋਮਾ ਸਿੱਧ ਹੋਵੇਗੀ; ਆਉਣ ਵਾਲੇ ਇਨਕਲਾਬ ਲਈ ਅਤੇ ਇਸ ਡੁਲ੍ਹੇ ਖੂਨ ਦੀ ਲੋਅ ਸਾਡੇ ਭਾਰਤ ਦੇ ਮਿਹਨਤੀ ਲੋਕਾਂ ਨੂੰ ਸਦਾ ਚਾਨਣ ਵੰਡਦੀ ਰਵੇਗੀ।

ਸਮਾਗਮ 'ਚ ਸਾਥੀ ਚੂਨੀ ਲਾਲ ਹੋਰੀਂ ਬਹੁਤਾ ਕੁੱਝ ਨਾ ਬੋਲਦਿਆਂ ਕਿਹਾ, "ਕਿ ਹਣ ਵੇਲਾ ਆ ਗਿਆ ਹੈ ਕਿ ਸੱਭ ਖੱਬੀਆਂ ਪਾਰਟੀਆ ਨੂੰ ਇਕ ਸਾਂਝੇ ਪਲੇਟ ਫਾਰਮ ਤੇ ਇਕੱਠੇ ਹੋ ਕੇ ਸੰਘਰਸ਼ ਕਰਨ ਦਾ। ਉਹ ਸੰਘਰਸ਼ ਹਾਲੇ ਵੀ ਇਨ੍ਹਾਂ ਫਿਰਕੂ ਜਨੂੰਨੀਆਂ ਖਿਲਾਫ ਸ਼ਾਂਤ ਮਈ ਹੋਣਾ ਚਾਹੀਦਾ ਹੈ ਜਾਂ ਕਿ ਹਥਿਆਰਬੰਦ। ਇਹ ਸਭ ਖੱਬੀਆ ਪਾਰਟੀਆਂ ਤਹਿ ਕਰ ਸਕਦੀਆਂ ਹਨ ਇਕ ਸਾਂਝੀ ਐਕਸ਼ਨ ਕਮੇਟੀ ਬਣਾਕੇ।

ਹੋਰ ਸਾਥੀ ਸੰਤੋਖ ਸਿੰਘ ਲਾਂਧੜਾ, ਸੁੱਚਾ ਸਿੰਘ ਨਰ, ਮੇਜਰ ਸਿੰਘ ਝਿੰਗੜ, ਸਤਨਾਮ ਸਿੰਘ ਖਮਾਚੋਂ ਅਤੇ ਰੂਸ ਜਰਮਨੀ ਨੇ ਬਹੁਤ ਘੱਟ ਸਮਾਂ ਸਮਾਗਮ 'ਚ ਤਕਰੀਰ ਕੀਤੀ ਅਤੇ ਤਕਰੀਬਨ ਇੱਕੋ ਹੀ ਗੱਲ ਤੇ ਜ਼ੋਰ ਦੇ ਕੇ ਕਿਹਾ, "ਕਿ ਜਿਹੜਾ ਕਦਮ ਅਸੀਂ ਕਮਿਉਨਿਸਟ ਇਨ-ਕਲਾਬੀ ਚੁੱਕਣ ਤੋਂ ਹਾਲੇ ਤੱਕ ਬਚਦੇ ਰਹੇ ਸੀ ਉਹ ਆਖਰਕਾਰ ਸਾਨੂੰ ਹੁਣ ਚੁੱਕਣਾ ਪੈ ਗਿਆ ਹੈ। ਹੁਣ ਜਿਵੇਂ ਹੋਵੇਗੀ ਅਸੀਂ ਦੇਖਾਂਗੇ। ਜੇ ਸਾਨੂੰ ਆਪਣੀਆਂ ਜਾਨਾਂ ਵੀ ਇਸ ਰਾਹ ਤੇ ਚੱਲਦਿਆਂ ਹੋਇਆਂ ਕੁਰਬਾਨ ਕਰਨੀਆਂ

ਪਈਆਂ ਤਾਂ ਹੱਸ ਕੇ ਕਰਾਂਗੇ ਉਵੇਂ ਹੀ ਜਿਵੇਂ ਸਾਥੀ ਬਲਦੇਵ ਸਿੰਘ ਮਾਨ ਗੋਲੀਆਂ ਲੱਗਣ ਦੇ ਬਾਵਜੂਦ ਵੀ ਆਪਣੇ ਰਹਿੰਦੇ ਦਮ ਤਕ ਫਿਰਕੂ ਦਰਿੰਦਿਆਂ ਨਾਲ ਸੰਘਰਸ਼ ਕਰਦੇ ਹੋਏ ਕਰ ਗਏ ਹਨ ਆਪਣੀ ਕੀਮਤੀ ਜਾਨ ਕੁਰਬਾਨ ਅਪਣੇ ਮਿਹਨਤੀ ਲੋਕਾਂ ਦੀ ਏਕਤਾ ਬਣਾਈ ਰੱਖਣ ਲਈ ਅਤੇ ਉਨ੍ਹਾਂ ਦੀ ਕਿਰਤ ਦੀ ਲੁੱਟ ਨੂੰ ਲੋਟੂਆਂ ਹੱਥੋਂ ਬਚਾਉਣ ਖਾਤਿਰ।

ਆਪਣੇ ਲੋਕਾਂ ਦੀ ਜੀਵਨ ਸੁਰੱਖਿਆ ਅਤੇ ਕਿਰਤ ਦੀ ਰਾਖੀ ਲਈ ਅਸੀਂ ਸ਼ਹੀਦ ਕਰਤਾਰ ਸਿੰਘ ਸਰਾਭਾ, ਭਗਤ ਸਿੰਘ, ਚੰਦਰ ਸ਼ੇਖਰ 'ਅਜ਼ਾਦ' ਅਤੇ ਬਖਸ਼ੀਸ਼ ਸਿੰਘ 'ਮੌੜ ਕਰੀਮਾਂ' ਵਰਗੇ ਸ਼ਹੀਦਾਂ ਤੋਂ ਗੁੜਤੀ ਲੈਕੇ ਤੁਰੇ ਹਾਂ, ਜਿਨ੍ਹਾਂ ਨੇ ਆਪਣੀਆਂ ਜਾਨਾਂ ਖ਼ਤਰੇ 'ਚ ਦੇਖਕੇ ਵੀ ਆਪਣੇ ਹਥਿਆਰਾਂ ਦੀ ਦੁਸ਼ਮਣ ਵਾਸਤੇ ਵਰਤੋਂ ਆਪਣੇ ਲੋਕਾਂ ਨੂੰ ਆਪਣੇ ਤੋਂ ਦੂਰ ਚਲੇ ਜਾਣ ਵਾਸਤੇ ਚਿਤਾਵਨੀ ਦਿੱਤੇ ਤੋਂ ਬਗੈਰ ਨਹੀਂ ਸੀ ਕੀਤੀ। ਅਤੇ ਆਖਰੀ ਦਮ ਤੱਕ ਆਪਣੇ ਲੋਕਾਂ ਲਈ ਲੜਦੇ ਲੜਦੇ ਸ਼ਹੀਦ ਹੋਏ।

ਸੁੱਚਾ ਸਿੰਘ ਨਰ ਨੇ, ਸਾਥੀ ਬਖਸ਼ੀਸ਼ ਸਿੰਘ ਦੀ ਮਾਣ ਭਰਪੂਰ ਸ਼ਹੀਦੀ ਦੀ ਉਦਾਹਰਣ ਦੇ ਕੇ ਦੱਸਿਆ, "ਕਿ ਕਿਵੇਂ ਸਾਥੀ ਨੌਂ-ਦਸਾਂ ਪੁਲਸੀ ਦਰਿੰਦਿਆਂ ਵਿਚਕਾਰ ਘਿਰੇ ਹੋਏ ਨੇ ਆਪਣੇ ਲੋਕਾਂ ਨੂੰ ਆਪਣੇ 'ਤੋਂ' ਦੂਰ ਚਲੇ ਜਾਣ ਦੀ ਚਿਤਾਵਣੀ ਦੇ ਕੇ ਆਪਣੇ ਹੈਂਡ ਗਰਨੇਡ ਦੀ ਪਿੰਨ ਖਿਚੀ ਤੇ ਇਕ ਦੋ ਪੁਲਸੀਆਂ ਦੇ ਨਾਲ ਆਪ ਨਵੇਂ ਸ਼ਹਿਰ ਰੇਲਵੇ ਸਟੇਸ਼ਨ ਤੇ ਮਾਰਚ 1971 ਨੂੰ ਰਾਤ ਦੇ ਅੱਠ-ਨੌਂ ਵਜੇ ਦੇ ਕਰੀਬ ਹਿੰਦੋਸਤਾਨ ਦੀ ਅਖੌਤੀ ਅਜ਼ਾਦੀ ਦੇ ਮੂੰਹ ਤੇ ਥੁੱਕਦਾ ਹੋਇਆ ਸ਼ਹੀਦ ਹੋ ਗਿਆ ਗਿਆ ਸੀ। ਜੋ ਕਿ ਇਸ ਮਹਾਨ ਸ਼ਹੀਦ ਦੀ ਸ਼ਹੀਦੀ ਇਨ੍ਹਾਂ ਲੋਕਾਂ ਦਿਆਂ ਕਾਤਲਾਂ ਖਾਲਸਿਤਾਨੀ ਦਹਿਸ਼ਤ ਗਰਦਾਂ ਲਈ ਚਿਤਾਵਨੀ ਤੇ ਇਕ ਵੰਗਾਰ ਹੈ।

ਇਸ ਸ਼ਹੀਦੀ ਸਮਾਗਮ ਦਾ ਸਥਾਨ ਮੌਜੂਦਾਂ ਹਾਲਤਾਂ ਨੂੰ ਮੁੱਖ ਰੱਖਕੇ ਪ੍ਰੈਸ ਨੂੰ ਨਾ ਦੇਣ ਦਾ ਸਾਂਝਾ ਮਤਾ ਪਾਸ ਕਰਕੇ ਅਣ ਦੱਸਿਆ ਰੱਖ ਲਿਆ ਗਿਆ। ਆਖੀਰ 'ਚ ਇਕ ਰੋਹ ਭਰਪੂਰ ਸਾਰਿਆਂ ਵਲੋਂ ਸਾਂਝਾ ਇਨਕਲਾਬੀ ਗੀਤ ਗਾਕੇ ਸ਼ਹੀਦ ਹੋ ਗਏ ਸਾਥੀਆਂ ਨੂੰ ਇਕੱਠੀ ਸ਼ਰਧਾਂਜਲੀ ਅਰਪਿਤ ਕੀਤੀ ਅਤੇ ਸ਼ਹੀਦਾਂ ਦੇ ਪਰਿਵਾਰਾਂ ਨਾਲ ਹਾਰਦਿਕ ਤੌਰ ਤੇ ਹਮਦਰਦੀ ਪ੍ਰਗਟ ਕੀਤੀ ਗਈ।

oo

## ਇਨਕਲਾਬੀ-ਜਨਤਕ ਪੇਪਰ ਚਾਲੂ ਕਰਨ ਦੀ ਯੋਜਨਾ

**ਹਰਬੰਸ ਮਾਂਗਟ**

ਵਿਆਪਕ ਲੋਕ ਰਾਇ ਲਾਮਬੰਦ ਕਰਨ ਦੇ ਮਾਮਲੇ 'ਚ ਪ੍ਰੈਸ ਦੇ ਮਹੱਤਵਪੂਰਣ ਰੋਲ ਬਾਰੇ ਇਨਕਲਾਬੀ ਜਮਹੂਰੀ ਲਹਿਰ ਨਾਲ ਸੰਬੰਧ ਰੱਖਣ ਵਾਲਾ ਹਰ ਸਖਸ਼ ਬੜੀ ਚੰਗੀ ਤਰ੍ਹਾਂ ਜਾਣਦਾ ਹੈ। ਅੱਜ ਬੇਹੱਦ ਵਡੇ ਪੈਮਾਨੇ ਉਪਰ ਧੜਾਧੜ ਛਪਦੀਆਂ ਬੁਰਜੂਆ ਅਖ਼ਬਾਰਾਂ ਲੋਕਾਂ ਦੀ ਸਮਾਜਕ-ਸਿਆਸੀ ਚੇਤਨਾ ਨੂੰ ਕਿੰਝ ਭਿਆਨਕ ਢੰਗ ਨਾਲ ਪ੍ਰਭਾਵਤ ਕਰ ਰਹੀਆਂ ਹਨ? ਹਰ ਕੋਈ ਜਾਣਦਾ ਹੈ। ਅਸਲ ਗੱਲ ਤਾਂ ਇਹ ਹੈ ਕਿ ਅੱਜ ਸਾਧਾਰਣ ਪਾਠਕ ਵਰਗ ਕੋਲ ਸਮਾਜਿਕ-ਸਿਆਸੀ ਜ਼ਿੰਦਗੀ ਦੇ ਵੱਖ-ਵੱਖ ਭਖਦੇ ਮਾਮਲਿਆਂ ਬਾਰੇ ਜਾਣਕਾਰੀ ਹਾਸਲ ਕਰਨ ਲਈ ਬੁਰਜੂਆ ਅਖ਼ਬਾਰਾਂ ਵਿਚ ਨਿਰਭਰ ਕਰਨ ਤੋਂ ਬਿਨ੍ਹਾਂ ਹੋਰ ਕੋਈ ਚਾਰਾ ਹੀ ਨਹੀਂ। ਇਥੋਂ ਤੱਕ ਕਿ ਅਸੀਂ ਬਹੁਤ ਸਾਰੇ ਮਾਮਲਿਆਂ ਉਪਰ ਆਪਣੀ ਸਮਝ ਜਨਤਾ ਅੰਦਰ ਲੈ ਜਾਣ ਲਈ ਵੀ ਇਹਨਾਂ ਬੁਰਜੂਆ ਅਖਬਾਰਾਂ 'ਚ ਬਿਆਨ ਛਪਵਾਉਣ ਲਈ ਮਜਬੂਰ ਹਾਂ। ਅੱਗੇ ਇਹਨਾਂ ਅਖਬਾਰਾਂ ਦੀ ਮਰਜ਼ੀ ਹੁੰਦੀ ਹੈ ਕਿ ਉਹ ਸਾਡਾ ਬਿਆਨ ਛਾਪਣ ਜਾਂ ਨਾ ਛਾਪਣ ਜਾਂ ਫਿਰ ਤੋੜ-ਮਰੋੜ ਕੇ ਛਾਪਣ। (ਇਹ ਗੱਲ ਨਹੀਂ ਕਿ ਸਾਨੂੰ ਬੁਰਜੂਆ ਪ੍ਰੈਸ ਨੂੰ ਵਰਤਣਾ ਨਹੀਂ ਚਾਹੀਦਾ। ਸਗੋਂ ਸਾਡੀ ਇਹ ਕੋਸ਼ਿਸ਼ ਰਹਿਣੀ ਚਾਹੀਦੀ ਹੈ ਕਿ ਜਿਥੋਂ ਤੱਕ ਸੰਭਵ ਹੋਵੇ, ਅਸੀਂ ਬੁਰਜੂਆ ਪ੍ਰੈਸ ਦੇ ਮੁਕਾਬਲੇ ਇਨਕਲਾਬੀ ਪ੍ਰੈਸ ਸਥਾਪਤ ਕਰਨ ਦੇ ਮਹੱਤਵਪੂਰਨ ਕੰਮ ਨੂੰ ਪਿਛੇ ਨਹੀਂ ਪਾ ਸਕਦੇ।) ਇਹ ਗੱਲ ਇੱਕ ਤਲਖ ਹਕੀਕਤ ਹੈ ਕਿ ਇਨਕਲਾਬੀ ਜਮਹੂਰੀ ਲਹਿਰ ਨੇ, ਜਿਸਨੂੰ ਬੁਰਜੂਆ ਪ੍ਰੈਸ ਦੇ ਮੁਕਾਬਲੇ 'ਤੇ ਇਨਕਲਾਬੀ ਪ੍ਰੈਸ ਸਥਾਪਤ ਕਰਨ ਦੀ ਬੇਹੱਦ ਲੋੜ ਹੈ, ਅਜੇ ਤਕ ਇਸ ਮਾਮਲੇ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ। ਸਿੱਟਾ ਇਹ ਹੈ ਕਿ ਅੱਜ ਵਿਆਪਕ ਸਾਧਾਰਣ ਪਾਠਕ ਵਰਗ ਕੋਲ ਪਹੁੰਚਣ ਵਾਲਾ ਸਾਡਾ ਆਪਣਾ ਕੋਈ ਅਖਬਾਰ ਨਹੀਂ। ਜੇ ਅਸੀਂ ਇਸ ਮਹੱਤਵ ਪੂਰਨ ਸਵਾਲ ਵੱਲ ਤੁਰੰਤ ਲੋੜੀਂਦਾ ਧਿਆਨ ਨਹੀਂ ਦਿੰਦੇ ਤਾਂ ਇਸ ਦਾ ਬੜਾ ਸਾਫ ਅਤੇ ਇੱਕੋ ਇੱਕ ਮਤਲਬ ਇਹ ਹੈ ਕਿ ਅਸੀਂ ਲੋਕ ਰਾਇ ਨੂੰ ਪ੍ਰਭਾਵਤ ਕਰਨ ਦੇ ਇੱਕ ਮਹੱਤਵਪੂਰਣ ਸਾਧਨ ਵਲ ਗੈਰ ਜ਼ਿੰਮੇਵਾਰ ਰਵੱਈਆਂ ਰੱਖਦੇ ਹਾਂ ਅਤੇ ਆਮ ਲੋਕਾਂ ਨੂੰ ਬੁਰਜੂਆ ਪ੍ਰੈਸ ਦੇ ਰਹਿਮ ਉਪਰ ਛੱਡ ਰਹੇ ਹਾਂ।

ਕੀ ਸਾਡੇ ਕੋਲ ਇੱਕ ਅਜਿਹਾ ਇਨਕਲਾਬੀ ਪੇਪਰ ਚਾਲੂ ਕਰ ਸਕਣ ਦੀ ਸਮਰੱਥਾ ਨਹੀਂ, ਜਿਹੜਾ ਵਿਆਪਕ ਸਾਧਾਰਣ ਪਾਠਕ ਵਰਗ ਤੱਕ ਪਹੁੰਚਦਾ ਹੋਵੇ? ਸਾਡੀ

ਲਹਿਰ ਇਸ ਸਮੇਂ ਘਟੋ ਘੱਟ ਦਸ ਤੋਂ ਵੱਧ ਪੰਜਾਬੀ ਪੇਪਰ ਚਲਾ ਰਹੀ ਹੈ। ਕੀ ਇਹ ਲਹਿਰ ਦੀ ਸਮਰੱਥਾ ਤੋਂ ਬਿਨਾਂ ਹੀ ਸੰਭਵ ਹੈ ? ਅਸੀਂ ਇਸ ਗੱਲ ਦੇ ਸਮਰੱਥ ਹਾਂ। ਅਸੀਂ ਅਜਿਹਾ ਪੇਪਰ ਕੱਢ ਸਕਦੇ ਹਾਂ, ਸ਼ਰਤ ਸਿਰਫ਼ ਇਹ ਹੈ ਕਿ ਇਸ ਸਮਰੱਥਾ ਨੂੰ ਵਰਤਿਆ ਸੁਚੱਜੇ ਢੰਗ ਨਾਲ ਜਾਵੇ।

ਤਾਂ ਫਿਰ ਕਿਸ ਚੀਜ਼ ਦੀ ਘਾਟ ਹੈ; ਜਿਸ ਸਦਕਾ ਅਸੀਂ ਇਸ ਕੰਮ ਨੂੰ ਹੱਥ ਨਹੀਂ ਲੈ ਸਕੇ ? ਸਾਡੇ ਕੋਲ ਇਸ ਮਾਮਲੇ ਪ੍ਰਤੀ ਸਪਸ਼ਟ ਸਮਝ ਦੀ ਘਾਟ ਹੈ। ਅਤੇ ਸਾਨੂੰ ਕੁਲ ਤੋਂ ਪਹਿਲਾਂ ਆਪਣੀ ਲਹਿਰ ਅੰਦਰ ਬਹਿਸ-ਵਿਚਾਰ ਕਰਕੇ ਇਸ ਮਾਮਲੇ ਬਾਰੇ ਸਪਸ਼ਟ ਸਮਝ ਨਿਖਾਰਨ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸ ਲਿਖਤ ਦਾ ਮੰਤਵ ਹੀ ਇਹ ਹੈ ਕਿ ਪਾਠਕ ਇਸ ਮਾਮਲੇ ਬਾਰੇ ਸੋਚਣ ਅਤੇ ਠੀਕ ਸਮਝ ਅਤੇ ਠੀਕ ਯੋਜਨਾ-ਬੰਦੀ ਤਹਿ ਕਰਨ 'ਚ ਸਰਗਰਮ ਰੋਲ ਅਦਾ ਕਰਨ।

ਅਸੀਂ ਆਪਣੇ ਪੇਪਰਾਂ ਰਾਹੀਂ ਦੋ ਤਰ੍ਹਾਂ ਦੀਆਂ ਕਤਾਰ ਬੰਦੀਆਂ ਕਰਨੀਆਂ ਹੁੰਦੀਆਂ ਨੇ। ਇਹ ਦੋਵਾਂ ਕਿਸਮਾਂ ਦੀਆਂ ਕਤਾਰ ਬੰਦੀਆਂ ਇਕ ਦੂਜੇ ਨਾਲ ਸੰਬੰਧਤ ਵੀ ਹੁੰਦੀਆਂ ਨੇ ਅਤੇ ਇਕ ਦੂਜੇ ਨੂੰ ਪ੍ਰਭਾਵਤ ਵੀ ਕਰਦੀਆਂ ਨੇ ਪਰ ਨਾਲ ਦੀ ਨਾਲ ਹੀ ਇੱਕ ਦੂਜੇ ਤੋਂ ਵੱਖ ਵੱਖ ਇਹਨਾਂ ਦੀ ਆਪਣੀ ਪਹਿਚਾਣ ਹੁੰਦੀ ਹੈ, ਇਹਨਾਂ ਦਾ ਇਕ ਦੂਜੇ ਤੋਂ ਵੱਖ ਵੱਖ ਕਾਰਜ ਹੁੰਦਾ ਹੈ, ਵਖੋ-ਵਖ ਖੇਤਰ ਹੁੰਦਾ ਹੈ।

ਇੱਕ ਕਤਾਰ ਬੰਦੀ ਉਹ ਹੁੰਦੀ ਹੈ ਜਿਸ ਵਿੱਚ ਅਸੀਂ ਆਮ ਜੰਤਾ ਨੂੰ ਰੋਜ਼ਾਨਾ ਸਮਾਜਕ ਸਿਆਸੀ ਜ਼ਿੰਦਗੀ ਦੇ ਵੱਖ ਵੱਖ ਭਖਦੇ ਮਸਲਿਆਂ ਉਪਰ ਮੋਟੇ ਤੌਰ 'ਤੇ ਬੁਰਜੂਆ-ਸਿਆਸੀ ਕੈਂਪ ਦੇ ਮੁਕਾਬਲੇ 'ਤੇ ਇਨਕਲਾਬੀ ਜਮਹੂਰੀ-ਸਿਆਸੀ ਕੈਂਪ ਦੇ ਪੱਖ 'ਚ ਲਾਮਬੰਦ ਕਰਨਾ ਹੁੰਦਾ ਹੈ। ਇੱਥੇ ਸਾਡੀ ਦੁਸ਼ਮਣ ਸਿਆਸੀ ਕੈਂਪ ਨਾਲ ਟੱਕਰ ਫਸਦੀ ਹੈ। ਇਥੇ ਅਸੀਂ ਆਮ ਜੰਤਾ ਸਾਹਮਣੇ ਭਖਦੇ ਸਮਾਜਕ-ਸਿਆਸੀ ਸਵਾਲਾਂ ਉਪਰ ਬੁਰਜੂਆ ਪੈਂਤੜਿਆਂ ਦੇ ਮੁਕਾਬਲੇ ਇਨਕਲਾਬੀ ਜਮਹੂਰੀ ਪੈਂਤੜੇ ਉਭਾਰਨੇ ਹੁੰਦੇ ਹਨ ਅਤੇ ਜੰਤਾ ਨੂੰ ਸਾਡੇ ਵੱਲ; ਇਨਕਲਾਬੀ ਜਮਹੂਰੀ ਪੈਂਤੜਿਆਂ ਦੇ ਪੱਖ 'ਚ ਖੜਾ ਕਰਨਾ ਹੁੰਦਾ ਹੈ। ਇਥੇ ਅਸੀਂ ਆਮ ਤੌਰ 'ਤੇ ਸਾਧਾਰਣ ਪਬਲਿਕ ਸਾਹਮਣੇ ਸਾਡੀ ਲਹਿਰ ਦੇ ਅੰਦਰੂਨੀ ਵਿਰੋਧ ਨਹੀਂ ਉਛਾਲਦੇ ਸਗੋਂ ਸਾਡੇ ਕੈਂਪ ਅਤੇ ਦੁਸ਼ਮਣ ਕੈਂਪ ਵਿਚਲੀ ਟੱਕਰ ਨੂੰ ਹੀ ਉਭਾਰਦੇ ਹਾਂ। ਇਕ ਕਤਾਰਬੰਦੀ ਲਈ ਵਿਸ਼ਾਲ ਪਾਠਕ ਜੰਤਾ ਨਾਲ ਜੁੜਿਆ ਇਕ ਜਨਤਕ ਇਨਕਲਾਬੀ ਪੇਪਰ ਕੱਢਣ ਦੀ ਲੋੜ ਹੁੰਦੀ ਹੈ ਅਤੇ ਅੱਜ ਵੀ ਹੈ, ਜਿਹੜਾ ਜਨਤਕ ਸ਼ੈਲੀ 'ਚ ਲਿਖਿਆ ਹੋਵੇ, ਜੰਤਾ ਦੇ ਸਮਝ ਆਉਂਦਾ ਹੋਵੇ ਅਤੇ ਜੰਤਾ ਨੂੰ ਦੁਸ਼ਮਣ ਖ਼ਿਲਾਫ ਸਾਡੀ ਟੱਕਰ 'ਚ ਸਾਡੀ ਸਰਗਰਮ ਹਮਾਇਤੀ ਬਣਾਵੇ। ਹੁਣ ਇਥੇ ਕਿਉਂ ਕਿ ਕੇਂਦਰੀ ਸਵਾਲ ਇਹ ਹੈ ਕਿ ਅਸੀਂ ਮੋਟੇ ਤੌਰ 'ਤੇ ਆਮ ਜੰਤਾ ਨੂੰ ਬੁਰਜੂਆ ਸਿਆਸੀ ਕੈਂਪ ਦੇ ਮੁਕਾਬਲੇ ਇਨਕਲਾਬੀ ਜਮਹੂਰੀ ਕੈਂਪ ਦੇ ਪੱਖ 'ਚ ਲਾਮਬੰਦ ਕਰਨਾ ਹੈ ਅਤੇ ਇਹ ਜਨਤਕ ਲਾਮਬੰਦੀ ਸਾਂਝੀ ਲਹਿਰ ਅੰਦਰਲੇ ਵੱਖ ਵੱਖ ਗਰੁੱਪਾਂ ਦੀ ਸਾਂਝੀ ਲੋੜ ਹੈ। ਇਸ ਲਈ ਇਨਕਲਾਬੀ ਲਹਿਰ ਸਾਡੀ ਸੁਹਿਰਦਤਾ ਸਾਥੋਂ ਇਹ ਮੰਗ ਕਰਦੀ ਹੈ ਕਿ ਅਸੀਂ ਆਪਣੀ ਇਸ ਸਾਂਝੀ ਲੋੜ ਦੀ ਪੂਰਤੀ ਲਈ ਸਾਡੇ ਸਾਰਿਆਂ ਦੇ ਸਾਂਝੇ ਯਤਨਾਂ ਨਾਲ ਵਿਸ਼ਾਲ ਪਾਠਕ ਵਰਗ ਤੱਕ ਪਹੁੰਚਣ ਵਾਲਾ ਇੱਕ ਇਨਕਲਾਬੀ ਜਨਤਕ ਪੇਪਰ ਕੱਢੀਏ, ਜਿਸ ਨੂੰ ਨੇੜ ਭਵਿੱਖ 'ਚ ਰੋਜ਼ਾਨਾ ਅਖ਼ਬਾਰ 'ਚ ਬਦਲਣ ਲਈ ਯਤਨ ਜੁਟਾਏ ਜਾਣ। ਇਸ ਲਈ ਢੁਕਵੀਂ ਯੋਜਨਾ ਬੰਦੀ ਕਰਨ ਦੀ ਲੋੜ ਹੈ। ਇਸ ਯੋਜਨਾ ਬੰਦੀ ਬਾਰੇ ਬਾਅਦ 'ਚ ਗੱਲ ਕਰਾਂਗੇ।

ਦੂਜੀ ਕਤਾਰਬੰਦੀ ਉਹ ਹੁੰਦੀ ਹੈ ਜਿਸ ਵਿਚ ਅਸੀਂ ਆਪਣੀ ਲਹਿਰ ਅੰਦਰਲੇ ਚੇਤੰਨ ਪਾਠਕਾਂ, ਚੇਤੰਨ ਕਰਿੰਦਿਆਂ ਨੂੰ ਸਾਡੀ ਲਹਿਰ ਦੇ ਅੰਦਰ ਗਲਤ ਅਤੇ ਠੀਕ ਲਾਈਨ ਦੁਆਲੇ, ਗਲਤ ਅਤੇ ਠੀਕ ਨੀਤੀ-ਨਿਰਣਿਆਂ ਵਿਚਾਲੇ ਚਲਦੀ ਵਿਚਾਰਧਾਰਕ-ਸਿਆਸੀ ਜਦੋਜਹਿਦ ਦੇ ਸਵਾਲਾਂ ਉਪਰ ਕਤਾਰਬੰਦ ਕਰਨਾ ਹੁੰਦਾ ਹੈ। ਇਥੇ ਅਸੀਂ ਆਪਣੀ ਲਹਿਰ ਅੰਦਰਲੇ ਵਿਰੋਧਾਂ (ਮਤਭੇਦਾਂ) ਨੂੰ ਉਭਾਰਦੇ ਹਾਂ ਅਤੇ ਉਹਨਾਂ ਉਪਰ ਵਿਚਾਰ ਚਰਚਾ ਕਰਦੇ ਹਾਂ। ਇਸ ਮੰਤਵ ਦੀ ਪੂਰਤੀ ਲਈ ਇਕ ਸਿਧਾਂਤਕ ਪੇਪਰ ਦੀ ਲੋੜ ਹੁੰਦੀ ਹੈ; ਜਿਹੜਾ ਸਿਰਫ ਚੇਤੰਨ ਪਾਠਕਾਂ ਤੱਕ ਪਹੁੰਚਦਾ ਹੈ, ਆਮ ਜੰਤਾ ਤੱਕ ਨਹੀਂ ਪਹੁੰਚਦਾ। ਕਿਉਂ ? ਕਿਉਂਕਿ ਇਥੇ ਸਾਡੀ ਲਹਿਰ ਅੰਦਰਲੇ ਗਲਤ ਅਤੇ ਠੀਕ ਰੁਝਾਨਾਂ ਵਿਚਾਲੇ ਜਦੋਜਹਿਦ (ਵਿਚਾਰਧਾਰਕ-ਸਿਆਸੀ) ਚਲਦੀ ਹੈ ਅਤੇ ਇਹ ਜਦੋ-ਜਹਿਦ ਆਮ ਤੌਰ 'ਤੇ ਚੇਤੰਨ ਪਾਠਕਾਂ ਨੂੰ ਹੀ ਉਤਸ਼ਾਹ ਬਖਸ਼ਦੀ ਹੈ ਅਤੇ ਉਹਨਾਂ ਨੂੰ ਲਹਿਰ ਨੂੰ ਅੱਗੇ ਵਧਾਉਣ ਲਈ ਜੀ-ਜਾਨ ਨਾਲ ਕੰਮ ਕਰਨ ਲਈ ਪ੍ਰੇਰਦੀ ਹੈ। ਜੇ ਸਾਡੀ ਲਹਿਰ ਅੰਦਰ ਚਲਦੀ ਇਸ ਵਿਚਾਰਧਾਰਕ-ਸਿਆਸੀ ਜਦੋਜਹਿਦ ਨੂੰ ਮੂਰਖਤਾ ਭਰੇ ਢੰਗ ਨਾਲ ਆਮ ਜੰਤਾ ਦੇ ਕੰਨਾਂ 'ਚ ਘਸੋੜਿਆ ਜਾਵੇਗਾ ਤਾਂ ਉਹ ਆਮ ਜੰਤਾ ਇਸਨੂੰ ਅੰਦਰੂਨੀ ਕਾਟੋ-ਕਲੇਸ਼ ਸਮਝ ਕੇ ਸਾਡੇ ਕੈਂਪ ਤੋਂ ਦੂਰ ਜਾਣ ਤੋਂ ਬਿਨਾਂ ਹੋਰ ਕੁਝ ਨਹੀਂ ਕਰਨ ਲੱਗੀ।

ਉਪਰ ਜ਼ਿਕਰ ਕੀਤੀਆਂ ਕਤਾਰਬੰਦੀਆਂ ਲਈ ਸਾਨੂੰ

ਦੋ ਵੱਖ ਵੱਖ ਪੇਪਰ ਕੱਢਣ ਦੀ ਲੋੜ ਹੁੰਦੀ ਹੈ। ਇਕ ਵਿਆਪਕ ਪਾਠਕ ਵਰਗ ਤੱਕ ਪਹੁੰਚਣ ਵਾਲਾ ਇਨ-ਕਲਾਬੀ ਜਨਤਕ ਪੇਪਰ ਅਤੇ ਦੂਜਾ ਚੇਤੰਨ ਪਾਠਕਾਂ ਤੱਕ ਪਹੁੰਚਣ ਵਾਲਾ ਸਿਧਾਂਤਕ ਪੇਪਰ। ਦੋਵਾਂ ਪੇਪਰਾਂ ਦਾ ਕੰਮ ਇਕ ਪੇਪਰ ਨਾਲ ਨਹੀਂ ਚੱਲ ਸਕਦਾ।

ਇਸ ਸਮੇਂ ਕਿਉਂਕਿ ਸਾਡੀ ਲਹਿਰ ਅੰਦਰ ਗੰਭੀਰ ਫੁੱਟ ਦੇ ਸਿੱਟੇ ਵਜੋਂ ਗਰੁੱਪ ਜੱਥੇਬੰਦੀਆਂ ਦੀ ਬਹੁਤਾਤ ਹੈ ਇਸ ਲਈ ਇਕ ਸਾਂਝੇ ਸਿਧਾਂਤਕ ਪੇਪਰ, ਜਿਹੜਾ ਸਾਡੀ ਲਹਿਰ ਅੰਦਰਲੇ ਮੱਤਭੇਦਾਂ ਨੂੰ ਬਹਿਸ-ਵਿਚਾਰ ਰਾਹੀਂ ਨਿਤਾਰਨ ਦਾ ਰੋਲ ਨਿਭਾ ਸਕੇ, ਨੂੰ ਕੱਢ ਸਕਣ ਦੀ ਹਾਲ ਦੀ ਘੜੀ ਸੰਭਾਵਨਾ ਘੱਟ ਹੈ ਅਤੇ ਜੇ ਹਾਲ ਦੀ ਘੜੀ (ਸਿਰਫ ਹਾਲੇ ਦੀ ਘੜੀ; ਸਦਾ ਸਦਾ ਵਾਸਤੇ ਨਹੀਂ) ਅਜਿਹਾ ਸਾਂਝਾ ਸਿਧਾਂਤਕ ਪੇਪਰ ਨਾ ਵੀ ਕੱਢਿਆ ਜਾ ਸਕੇ ਤਾਂ ਇਸ ਨਾਲ ਕੋਈ ਬਹੁਤਾ ਵੱਡਾ ਨੁਕਸਾਨ ਨਹੀਂ ਹੁੰਦਾ। ਇਸ ਮੰਤਵ ਲਈ ਹਾਲ ਦੀ ਘੜੀ ਵੱਖ-ਵੱਖ ਗਰੁੱਪ ਆਪਣੀਆਂ ਲੋੜਾਂ ਅਨੁਸਾਰ ਪੈਂਫਲਟ ਕੱਢਕੇ ਕੰਮ ਚਲਾ ਸਕਦੇ ਹਨ। ਪਰ ਨੇੜ ਭਵਿਖ 'ਚ ਇਸ ਗੱਲ ਲਈ ਯਤਨ ਜੁਟਾਏ ਜਾਣੇ ਚਾਹੀਦੇ ਹਨ ਕਿ ਇਸ ਖੇਤਰ ਅੰਦਰ ਵੀ ਕੋਈ ਸਾਂਝਾ ਪੇਪਰ ਹੋਵੇ ਜਿਹੜਾ ਲਹਿਰ ਅੰਦਰਲੇ ਵੱਖ-ਵੱਖ ਰੁਝਾਨਾਂ ਵਿਚਕਾਰ ਜਦੋਜਹਿਦ ਚਲਾ ਸਕਣ ਦਾ ਸੰਦ ਬਣ ਸਕੇ। ਖੈਰ ! ਇਸ ਮਾਮਲੇ ਨੂੰ ਬਾਅਦ 'ਚ ਵਿਚਾਰਿਆ ਜਾਏਗਾ; ਜਦੋਂ ਇਹ ਕੀਤਾ ਜਾ ਸਕਣ ਦੀ ਸੰਭਾਵਨਾ ਹੋਈ।

ਪਰ ਵਿਆਪਕ ਪਾਠਕ ਵਰਗ ਤੱਕ ਪਹੁੰਚਣ ਵਾਲਾ ਇਨਕਲਾਬੀ ਜਨਤਕ ਪੇਪਰ ਸ਼ੁਰੂ ਕਰਨ ਦੇ ਮਾਮਲੇ ਨੂੰ ਪਿੱਛੇ ਨਹੀਂ ਪਾਇਆ ਜਾਣਾ ਚਾਹੀਦਾ। ਕਿਉਂਕਿ ਆਮ ਜਨਤਾ ਨੂੰ ਦੁਸ਼ਮਣ ਸਿਆਸੀ ਕੈਂਪ ਦੇ ਮੁਕਾਬਲੇ ਇਨ-ਕਲਾਬੀ-ਜਮਹੂਰੀ ਸਿਆਸੀ ਕੈਂਪ ਦੇ ਪੱਖ 'ਚ ਲਾਮਬੰਦ ਕਰਨਾ ਇਨਕਲਾਬੀ-ਜਮਹੂਰੀ ਲਹਿਰ ਅੰਦਰਲੇ ਸਾਰੇ ਗਰੁੱਪਾਂ ਦੀ ਸਾਂਝੀ ਲੋੜ ਹੈ; ਇਸ ਲਈ ਇਸ ਸਾਂਝੀ ਲੋੜ ਦੀ ਪੂਰਤੀ ਲਈ ਤੁਰੰਤ ਸਾਝਾ ਇਨਕਲਾਬੀ ਜਨਤਕ ਪੇਪਰ ਸ਼ੁਰੂ ਕਰਨ ਦੀ ਯੋਜਨਾ ਹੱਥ ਲੈ ਲੈਣੀ ਚਾਹੀਦੀ ਹੈ। ਇਨਕਲਾਬੀ ਏਕਤਾ ਕੇਂਦਰ ਤੋਂ ਇਹ ਆਸ ਕੀਤੀ ਜਾਣੀ ਚਾਹੀਦੀ ਹੈ ਕਿ ਉਹ ਤੁਰੰਤ ਇਸ ਮਾਮਲੇ ਵੱਲ ਧਿਆਨ ਦੇਵੇਗਾ। ਇਸ ਮਾਮਲੇ ਨੂੰ ਹੱਥ ਲੈਣ 'ਚ ਕੀਤੀ ਜਾਣ ਵਾਲੀ ਦੇਰੀ ਬੇਹੱਦ ਖਤਰਨਾਕ ਹੈ।

## ਅਮਲੀ ਯੋਜਨਾ ਬੰਦੀ

ਉਪ੍ਰੋਕਤ ਗੱਲ ਬਾਤ ਉਪ੍ਰੰਤ ਆਉ ਇਸ ਮਾਮਲੇ ਉਪਰ ਇਕ ਠੋਸ ਅਮਲੀ ਯੋਜਨਾ ਬੰਦੀ ਬਣਾਉਣ ਵੱਲ ਮੁੜੀਏ। ਇਥੇ ਮੈਂ ਆਪਣੇ ਸੁਝਾ ਰੱਖ ਰਿਹਾ ਹਾਂ ਅਤੇ ਪਾਠਕਾਂ ਨੂੰ ਅਪੀਲ ਕਰਾਂਗਾ ਕਿ ਉਹ ਆਪਣੇ ਸੁਝਾ ਵੀ ਸਮਤਾ ਨੂੰ ਲਿਖ ਭੇਜਣ ਤਾਂ ਕਿ ਇਹ ਮਾਮਲਾ ਵੱਧ ਤੋਂ ਵੱਧ ਸਪਸ਼ਟ ਹੋ ਸਕੇ।

## ਪੇਪਰ ਦੇ ਮੰਤਵ ਅਤੇ ਘੇਰਾ

(1) ਇਹ ਪੇਪਰ ਰੋਜ਼ਾਨਾ ਸਮਾਜਕ-ਸਿਆਸੀ ਜ਼ਿੰਦਗੀ ਦੇ ਭੱਖਦੇ ਮਾਮਲਿਆਂ ਉਪਰ ਇਨਕਲਾਬੀ ਜਮਹੂਰੀ ਲਹਿਰ ਦੇ ਪੱਖ 'ਚ ਲੋਕ ਰਾਇ ਲਾਮਬੰਦ ਕਰੇਗਾ। ਇਹ ਸਾਂਝਾ ਪੇਪਰ ਇਸ ਮੰਤਵ ਨਾਲ ਲਿਖੇ ਵੱਖ ਵੱਖ ਗਰੁੱਪਾਂ ਜਾਂ ਵਿਅਕਤੀਆਂ ਦੇ ਲੇਖ ਛਾਪਿਆ ਕਰੇਗਾ ਅਤੇ ਇਨਕਲਾਬੀ ਜਮਹੂਰੀ ਲਹਿਰ ਦੀਆ ਸਾਰੀਆਂ ਧਿਰਾਂ ਨੂੰ ਆਪਣੇ ਅੰਦਰ ਥਾਂ ਦੇਵੇਗਾ ਤਾਂ ਕਿ ਕਿਸੇ ਧਿਰ ਨੂੰ ਵੱਖਰਾ ਮੁਕਾਬਲੇ ਦਾ ਪੇਪਰ ਕੱਢਣ ਦੀ ਲੋੜ ਨਾ ਰਹੇ।

(2) ਇਹ ਪੇਪਰ ਸੱਭਿਆਚਾਰਕ ਖੇਤਰ ਅੰਦਰ ਕੰਮ ਕਰਦੇ ਸਾਡੀ ਲਹਿਰ ਦੇ ਕਰਿੰਦਿਆਂ ਅਤੇ ਹਮਦਰਦਾਂ ਦੀਆਂ ਲੋੜਾਂ ਦੀ ਪੂਰਤੀ ਲਈ ਇਸ ਖੇਤਰ ਨੂੰ ਆਪਣੇ ਅੰਦਰ ਬਕਾਇਦਾ ਥਾਂ ਦੇਵੇ ਤਾਂ ਕਿ ਵੱਖਰੇ ਸਾਹਿਤਕ ਪੇਪਰਾਂ ਦੀ ਲੋੜ ਨਾ ਰਹੇ।

(3) ਇਹ ਪੇਪਰ ਜਮਾਤੀ ਜੱਦੋ-ਜਹਿਦ ਦੇ ਖੇਤਰ ਅੰਦਰਲੀਆਂ ਰੋਜ਼ਾਨਾ ਸਰਗਰਮੀਆਂ ਦੀਆਂ ਰੀਪੋਰਟਾਂ ਛਾਪੇ।

(4) ਰੈਸ਼ਨਲਿਸਟ ਸੋਸਾਇਟੀ ਨੂੰ ਵੀ ਆਪਣੀਆਂ ਲਿਖਤਾਂ ਇਸ ਪੇਪਰ ਅੰਦਰ ਛਪਵਾਉਣ ਦਾ ਹੱਕ ਹੋਵੇ ਤਾਂ ਕਿ ਉਹਨਾਂ ਨੂੰ ਇਕ ਵੱਖਰਾ ਮੁਕਾਬਲੇ ਦਾ ਪੇਪਰ ਕੱਢਣ ਦੀ ਲੋੜ ਨਾ ਰਹੇ।

(5) ਹੋਰ ਵੱਖ ਵੱਖ ਮਾਮਲੇ।

ਕੁਲ ਮਿਲਾ ਕੇ ਕਹਿਣ ਦਾ ਅਰਥ ਇਹ ਕਿ ਇਹ ਸਾਂਝਾ ਪੇਪਰ ਅੱਜ ਕੱਲ ਸਾਡੀ ਲਹਿਰ ਅੰਦਰਲੇ ਵੱਖ-ਵੱਖ ਗਰੁੱਪਾਂ ਅਤੇ ਸੰਸਥਾਵਾਂ ਵੱਲੋਂ ਕੱਢੇ ਜਾਂਦੇ ਸਾਰੇ ਜਨਤਕ ਪੇਪਰਾਂ ਦੇ ਕਾਰਜਾਂ ਨੂੰ ਨਿਭਾਉਣਯੋਗ ਹੋਵੇ ਤਾਂ ਕਿ ਉਹ ਸਾਰੇ ਢੇਰ ਸਾਰੇ ਪੇਪਰਾਂ ਨੂੰ ਬੰਦ ਕਰਕੇ ਉਹ ਸਾਰੀਆਂ ਸੰਸਥਾਵਾਂ ਅਤੇ ਗਰੁੱਪ ਇਸ ਸਾਂਝੇ ਪੇਪਰ ਨੂੰ ਅਪਣਾ ਲੈਣ।

## ਕਿਹੜੇ ਕਦਮ ਚੁੱਕੀਏ

ਲਹਿਰ ਅੰਦਰਲੇ ਸਾਰੇ ਗਰੁੱਪਾਂ ਅਤੇ ਸੰਸਥਾਵਾਂ ਜਿਹੜੇ ਇਸ ਸਮੇਂ ਪੰਜਾਬੀ ਪੇਪਰ ਕੱਢ ਰਹੇ ਹਨ ਅਤੇ ਉਹ ਗਰੁੱਪ ਜਾਂ ਸੰਸਥਾਵਾਂ ਵੀ ਜਿਹੜੇ ਭਾਵੇਂ ਹਾਲ ਦੀ ਘੜੀ ਕੋਈ ਪੇਪਰ ਨਹੀਂ ਕੱਢਦੇ ਪਰ ਜੇ ਇਹੋ ਹਾਲਤ ਰਹੀ ਤਾਂ ਨੇੜ ਭਵਿੱਖ 'ਚ ਸਾਨੂੰ ਇਕ ਨਵੇਂ ਪੇਪਰ ਦੀ ਸੂਰਤ ਵਿਖਾਉਣ ਦਾ ਇਰਾਦਾ ਰੱਖਦੇ ਹੋਣ, ਉਹਨਾਂ ਸਾਰਿਆਂ ਦੇ ਪ੍ਰਤੀਨਿਧਾਂ ਦੀ ਇਕ ਮੀਟਿੰਗ ਬੁਲਾਈ ਜਾਵੇ। ਇਸ ਮੀਟਿੰਗ ਨੂੰ ਬੁਲਾਉਣ ਦੀ ਜ਼ਿੰਮੇਵਾਰੀ ਗੁਰਸ਼ਰਨ

ਭਾ ਜੀ ਨੂੰ ਹੀ ਸੌਂਪੀ ਜਾਵੇ। ਮੀਟਿੰਗ 'ਚ ਇਹ ਮਾਮਲਾ ਵਿਚਾਰਿਆ ਜਾਵੇ ਕਿ ਵੱਖ ਵੱਖ ਗਰੁੱਪ ਅਤੇ ਸੰਸਥਾਵਾਂ ਵੱਲੋਂ ਕੱਢੇ ਜਾਂਦੇ ਸਾਰੇ ਜਨਤੱਕ ਪੇਪਰ ਬੰਦ ਕਰਕੇ ਇਕ ਸਾਂਝਾ ਪੇਪਰ ਕੱਢਣ ਲਈ ਕਿਹੜੇ ਕਿਹੜੇ ਗਰੁੱਪ ਅਤੇ ਸੰਸਥਾਵਾਂ ਸਹਿਮਤ ਹਨ। ਸਹਿਮਤ ਹੋਣ ਵਾਲਿਆਂ ਦੀ ਸਾਂਝੀ ਸਲਾਹ ਅਨੁਸਾਰ ਇਕ ਸੰਪਾਦਕੀ ਬੋਰਡ ਅਤੇ ਪ੍ਰਬੰਧਕੀ ਬੋਰਡ ਬਣਾ ਦਿੱਤਾ ਜਾਵੇ; ਜਿਹੜੇ ਇਸ ਪੇਪਰ ਨੂੰ ਨਿਯਮਤ ਢੰਗ ਨਾਲ ਚਲਾਉਣ। ਸਾਰਿਆਂ ਦੀ ਸਾਂਝੀ ਸਲਾਹ ਨਾਲ ਕੁਝ ਸਾਂਝੇ ਅਸੂਲ ਤਹਿ ਕਰ ਲਏ ਜਾਣ। ਹਾਂ ਜਿਹੜੇ ਗਰੁੱਪ ਜਾਂ ਸੰਸਥਾਵਾਂ ਇਸ ਗੱਲ ਲਈ ਸਹਿਮਤ ਨਹੀਂ ਹੁੰਦੀਆਂ, ਇਸ ਪੇਪਰ 'ਚ ਉਹਨਾਂ ਨੂੰ ਵੀ ਥਾਂ ਦਿੱਤੀ ਜਾਵੇ ਤਾਂ ਕਿ ਇਸ ਪੇਪਰ ਦਾ ਅਮਲ ਖੁਦ ਹੀ ਉਹਨਾਂ ਵੱਲੋਂ ਕੱਢੇ ਜਾਂਦੇ ਵੱਖਰੇ ਪੇਪਰ ਦੀ ਵਾਜਬੀਅਤ ਨੂੰ ਚਣੌਤੀ ਦੇ ਸਕੇ। ਹਾਲ ਦੀ ਘੜੀ ਜਿਹੜਾ ਠੋਸ ਅਮਲੀ ਕਦਮ ਚੁੱਕਿਆ ਜਾ ਸਕਦਾ ਹੈ- ਉਹ ਇਹੋ ਹੈ ਕਿ ਇਹ ਮੀਟਿੰਗ ਬੁਲਾ ਲਈ ਜਾਵੇ; ਇਸ ਮਾਮਲੇ 'ਚ ਇਨਕਲਾਬੀ ਏਕਤਾ ਕੇਂਦਰ ਪਹਿਲ ਕਰੇ। ਮੀਟਿੰਗ 'ਚ ਵੱਖ ਵੱਖ ਧਿਰਾਂ ਦਾ ਰਵੱਈਆ ਸਪੱਸ਼ਟ ਹੋਣ ਤੋਂ ਬਾਅਦ ਅਗਲੇ ਕਦਮਾਂ ਬਾਰੇ ਸੋਚਿਆ ਜਾਵੇ ਕਿ ਠੋਸ ਹਾਲਤਾਂ ਅਨੁਸਾਰ ਫਿਰ ਕੀ ਕੀਤਾ ਜਾਵੇ।

---

(ਲੰਮੀ ਕਵਿਤਾ ਵਿਚ ਇਕ ਕਹਾਣੀ)

## ਫਿਰ ਉਹ ਮੋਏ ਨਾ

**ਨਸੀਬ ਸਿੰਘ ਬਸਰਾ**

ਏਸ ਗਰਾਂ ਦੇ ਚੜ੍ਹਦੇ ਪਾਸੇ
ਲੋਹੇ ਦੀਆਂ ਸਲਾਖਾਂ ਵਾਲੇ
ਵੱਡੇ ਗੇਟ।
ਏਸ ਗਰਾਂ ਦੇ ਲਹਿੰਦੇ ਪਾਸੇ,
ਕੱਚੇ ਢਾਰੇ
ਲੁੱਕ ਦੇ ਢੋਲਾਂ ਵਾਲੇ ਗੇਟ।
ਏਸ ਗੇਟ ਦਾ ਓਸ ਗੇਟ ਨਾਲ
ਕਾਹਦਾ ਮੇਚ।
ਲੋਹੇ ਦੀਆਂ ਸਲਾਖਾਂ ਵਾਲੇ
ਗੇਟਾਂ ਉਤੇ
ਚੜ੍ਹਦਾ ਸੂਰਜ ਸਿੱਜਦੇ ਕਰਦਾ
ਲਹਿੰਦੇ ਵਾਲੇ ਗੇਟਾਂ ਉੜੇ
ਡੁੱਬਦਾ ਸੂਰਜ ਹਉਕੇ ਭਰਦਾ।
ਰੋਜ਼ ਸੁਬ੍ਹਾ ਜਦ
ਸੂਰਜ ਚੜ੍ਹਦਾ
ਲਹਿੰਦੇ ਪਾਸੇ ਵਾਲੇ ਲੋਕੀਂ
ਮਰ ਜਾਂਦੇ ਨੇ
ਤੇ ਲਾਸ਼ਾਂ ਟੁਰ ਪੈਂਦੀਆਂ ਹਨ।
ਚੜ੍ਹਦੇ ਪਾਸੇ ਵਲ
'ਉਏ ਹਰਾਮੀ,
ਉਏ ਉੱਲੂ ਦੇ ਪੱਠੇ
ਤੇਰੀ ਮਾਂ ਦੀ
ਤੇਰੀ ਧੀ ਦੀ
ਕੁੱਤਿਆ ਸੂਰਾ'
ਇਹ ਅਵਾਜ਼ਾਂ
ਲਾਸ਼ਾਂ ਨੂੰ ਭਲਾ
ਕਿਵੇਂ ਸੁਣ ਸਕਦੀਆਂ ਹਨ।
ਇਹ ਲਾਸ਼ਾਂ—
ਜਦੋਂ ਖੇਤ ਦੇ ਇਕ ਬੰਨੇ
ਗੋਡੀ ਕਰਦੀਆਂ ਹਨ
ਦੂਜੇ ਪਾਸੇ
ਲਾਸ਼ਾਂ ਦੀ ਚਰਨੋ ਨੂੰ
ਚੜ੍ਹਦੇ ਪਾਸੇ ਵਾਲੇ
ਮਸਲ ਰਹੇ ਹੁੰਦੇ ਹਨ।
ਲਾਸ਼ਾਂ ਨੂੰ ਭਲਾ
ਕੀ ਦਿਸਣੀਆਂ ਹੁੰਦੀਆਂ ਹਨ
ਇਹ ਕਰਤੂਤਾਂ।
... ... ... ... ... ...

ਰੋਜ਼ ਸ਼ਾਮ ਨੂੰ
ਸੂਰਜ ਮਿਟਦਾ ਹੈ
ਤੇ ਜਿਉ ਪੈਂਦੀਆਂ ਹਨ ਲਾਸ਼ਾਂ
'ਕੁੜੀ ਜਾਵੇ
ਵੱਡੇ ਸਰਦਾਰ
ਭੈਣ ਦਿਆ ਖਸਮਾਂ ਦਾ
ਵੇਖਦੇ ਹਾਂ ਸਾਡੇ ਬਿਨਾ
ਕਿਵੇਂ ਸਰ ਜੂ।
ਤੇ ਇੰਝ ਲਾਸ਼ਾਂ ਤੋਂ ਬਣੇ ਇਨਸਾਨ
ਟੁਰ ਪੈਂਦੇ ਹਨ
ਢਾਰਿਆਂ ਵਲ
ਰੋਟੀਆਂ ਚੱਬਦੇ ਹਨ
ਤੇ ਜਿਊਂਦੇ ਹੋ
ਅਲਾਣੀਆਂ ਮੰਜੀਆਂ ਤੇ
ਸੌਂ ਜਾਂਦੇ ਹਨ।
ਤਹਿ ਪਾਟਦੀ ਹੈ

ਜਿਊਂਦੇ ਇਨਸਾਨਾਂ ਦੀਆਂ ਸੁਆਣੀਆਂ।
ਉਹਨਾਂ ਨੂੰ ਜਗਾਉਂਦੀਆਂ ਹਨ।
ਘਰ ਵਿਚ ਮੁੱਕੇ ਆਟੇ ਦੀਆਂ
ਗੱਲਾਂ ਦਸਦੀਆਂ ਹਨ।
ਨਿੱਕੇ ਲਾਲੂ ਦੀ ਬੀਮਾਰੀ ਦੀਆਂ
ਗੱਲਾਂ ਦਸਦੀਆਂ ਹਨ।
ਚਰਨੋ ਦੀ ਪਾਟੀ ਚੋਲੀ ਦੀਆਂ
ਗੱਲਾਂ ਦੱਸਦੀਆਂ ਹਨ।
ਤੇ ਡੁੱਬਦੇ ਸੂਰਜ ਨਾਲ
ਲਾਸ਼ਾਂ ਤੋਂ ਬਣੇ ਇਨਸਾਨ
ਮੁੱਤ ਉਣੀਂਦੇ ਵਿਚ
ਇਹ ਸਭ ਸੁਣਦੇ ਹਨ
ਤੇ ਸੂਰਜ ਚੜ੍ਹਨ ਤੱਕ
ਫਿਰ ਮਰ ਜਾਂਦੇ ਹਨ।
ਆਪਣੀਆਂ ਲਾਸ਼ਾਂ ਨੂੰ
ਮੋਢਿਆਂ ਤੇ ਚੁੱਕੀ
ਦਾਰਿਆਂ ਵਿਚੋਂ
ਬਾਹਰ ਆਉਂਦੇ ਹਨ।
ਸੋ—
ਇੰਝ ਲਹਿੰਦੇ ਵਾਲੇ ਲੋਕ
ਸੂਰਜ ਚੜ੍ਹਦੇ ਨਾਲ ਮਰਦੇ
ਤੇ ਸੂਰਜ ਡੁੱਬਦੇ ਸਾਰ
ਜਿਉਂ ਪੈਂਦੇ।
ਇਸ ਤਰ੍ਹਾਂ ਉਹਨਾਂ ਦਾ ਮਰਨਾ
ਜਿਊਣ ਤੇ ਹਮੇਸ਼ਾ ਹਾਵੀ ਰਹਿੰਦਾ
ਤੇ ਉਹ ਸਦਾ
ਮਰਦੇ ਰਹੇ
ਮਰਦੇ ਰਹੇ
ਤੇ ਮਰਦੇ ਹੀ ਰਹੇ।
... ... ... ... ... ...

ਇਕ ਦਿਨ
ਇਹਨਾਂ ਭੰਵਰ 'ਚ ਫਸਿਆਂ ਦੇ ਵਿਹੜੇ
ਇਕ ਲਾਲ ਜਨਮਿਆ
ਉਹ ਕਦੀ ਮਰਦਾ ਨਾ
ਉਹ ਸਦਾ ਜਿਉਂਦਿਆਂ ਵਾਂਗ
ਗੱਲਾਂ ਕਰਦਾ
ਪਰ ਉਸ ਦੀ ਕੋਈ ਸੁਣਦਾ ਨਾ
ਇਕ ਦਿਨ—
ਤੇ ਇਕ ਦਿਨ
ਉਹਨਾਂ ਦੇ ਵਿਹੜਿਉਂ
ਘਾਹ ਦੀ ਪੰਡ ਨੂੰ ਗਈ ਚਰਨੋ
ਘਰ ਪਰਤੀ।
ਉਸ ਦੀ ਪਾਟੀ ਹੋਈ ਕੁੜਤੀ
ਚੁਨੀਉਂ ਸੱਖਣਾ ਸਿਰ
ਰੋ ਰੋ ਕੇ ਸੁੱਜੀਆਂ ਅੱਖਾਂ
ਚੜ੍ਹਦੇ ਪਾਸੇ ਵਾਲਿਆਂ ਦੇ
ਵਹਿਸ਼ੀ ਪੁਣੇ ਦੀ
ਕਹਾਣੀ ਕਹਿ ਰਹੀਆਂ ਸਨ।
ਇਹ ਵੇਖ
ਸਦਾ ਜਿਊਣ ਵਾਲੇ ਲਾਲ ਨੇ
ਭੰਵਰ 'ਚ ਫਸਿਆਂ ਨੂੰ ਵੰਗਾਰਿਆ
ਲਾਹਨਤਾਂ ਵੀ ਪਾਈਆਂ
ਪਰ ਉਹਨਾਂ ਦੀ ਧੌਣ
ਉਤਾਂਹ ਨਾ ਉੱਠੀ।
ਜਿਊਂਦਾ ਲਾਲ
ਇਕੱਲਾ ਹੀ
ਵਾਹੋ ਦਾਹੀ
ਸਲਾਖਾਂ ਵਾਲੇ
ਗੇਟਾਂ ਵਲ ਭੱਜ ਉੱਠਿਆ।
ਉਸ ਨੇ ਉਹਨਾਂ ਦੇ ਖੇਤੋਂ
ਚਰਨੋ ਵਰਗੀ
ਹਰੀ ਕਚੂਰ ਇਕ ਛੱਲੀ ਜਾ ਤੋੜੀ
ਇਕ ਇਕ ਕਰਕੇ
ਉਸਦੇ ਸਾਰੇ ਪੜਦੇ ਲਾਹੇ
ਤੇ ਦੋਧੇ ਨੂੰ ਬਿਨਾ ਚਰੂੰਢਿਆਂ ਹੀ
ਚੜ੍ਹਦੇ ਪਾਸੇ ਵਾਲਿਆਂ ਦੇ
ਵਿਹੜੇ ਵਲ ਵਗਾਹ ਮਾਰਿਆ
ਤੇ ਉਹ ਸਿੱਧਾ
ਉਹਨਾਂ ਦੇ ਮੱਥੇ ਵਿਚ ਜਾ ਵੱਜਾ
ਛੱਵੀਆਂ ਚਮਕੀਆਂ
ਡਾਂਗਾਂ ਉਲਰੀਆਂ
ਬੰਦੂਕਾਂ ਚੱਲੀਆਂ
ਤੇ ਸਦਾ ਜਿਊਣ ਵਾਲਾ
ਮੋਇਆ ਦਾ ਲਾਲ
ਥਾਏਂ ਢੇਰੀ ਹੋ ਗਿਆ।
ਫਿਰ ਲਾਸ਼ਾਂ ਜਿਊ ਪਾਈਆਂ।
ਰੰਬੇ ਨਿਕਲੇ
ਕਹੀਆਂ ਨਿਕਲੀਆਂ
ਸੰਗਾਂ ਨਿਕਲੀਆਂ
ਲੋਹੇ ਦੇ ਗੇਟ ਬੰਦ ਹੋ ਗਏ

ਤੇ ਚੜ੍ਹਦੇ ਪਾਸੇ ਵਾਲੇ
ਅੰਦਰੀਂ ਦੜ ਵੱਟ ਗਏ
ਕਿਸੇ ਮੌਕੇ ਦੀ ਤਾੜ ਵਿਚ
ਭੰਭਰ 'ਚ ਫਸਿਆਂ ਨੇ
ਆਪਣੇ ਲਾਲ ਦਾ ਲਹੂ
ਮੱਥ ਨੂੰ ਲਾ
ਸਦਾ ਜਿਊਂਦੇ ਰਹਿਣ ਦੀਆਂ
ਕਸਮਾਂ ਖਾਧੀਆਂ
ਤੇ ਫਿਰ ਉਹ ਕਦੇ ਵੀ ਮੋਏ ਨਾ
ਤੇ ਫਿਰ ਉਹ ਕਦੇ ਵੀ ਮੋਏ ਨਾ। o

---

## ਪਾਠਕ ਲੇਖਕ ਫੋਰਮ

(ਪਾਲ ਸਿੰਘ ਦੀ ਚਿੱਠੀ ਦੇ ਜਵਾਬ ਵਿਚ)

### 1. ਕੌਮੀ ਸਵਾਲ ਅਤੇ ਲੈਨਿਨਵਾਦ/ਕਰਮ ਬਰਸਟ

ਸਮਤਾ ਦੇ ਜਨਵਰੀ '87 ਅੰਕ ਵਿਚ 'ਪੰਜਾਬੀ ਕੌਮ' ਦੇ ਐਡੀਟਰ ਪਾਲ ਸਿੰਘ ਨੇ ਪੰਜਾਬ ਦੇ ਲੈਨਿਨ-ਵਾਦੀਆਂ ਦੀ ਖੂਬ "ਖੁੰਭ ਠੱਪੀ" ਹੈ। "ਵਿਦਵਾਨ" ਲੇਖਕ ਨੇ "ਸਿੱਖ ਕੌਮ" ਦਾ ਸਿਧਾਂਤ ਦੇ ਕੇ (ਜੋ ਪਹਿਲਾਂ ਸਿੱਖ ਮੂਲਵਾਦੀਆਂ ਵਲੋਂ ਦਿੱਤਾ ਗਿਆ ਸੀ) ਮਾਰਕਸ-ਵਾਦ ਲੈਨਿਨਵਾਦ ਵਿਚ ਭਰਪੂਰ "ਵਾਧਾ" ਕੀਤਾ ਹੈ। ਪਰ ਅਜੀਬ ਗੱਲ ਇਹ ਹੋਈ ਕਿ ਲੇਖਕ ਕਮਿਊਨਿਸਟਾਂ ਨੂੰ ਲੈਨਿਨਵਾਦੀ ਸ਼ੀਸ਼ਾ ਦਿਖਾਉਣ ਦੇ ਜੋਸ਼ ਵਿਚ ਖੁਦ ਆਪਣਾ ਮੂੰਹ ਦੇਖਣਾ ਭੁੱਲ ਗਿਆ। ਲੇਖਕ ਦਾਅਵਾ ਕਰਦਾ ਹੈ ਕਿ ਭਾਰਤ ਇਕ ਬਹੁ-ਕੌਮੀ ਦੇਸ਼ ਹੈ ਅਤੇ ਘੱਟ ਗਿਣਤੀ ਸਿੱਖ ਕੌਮ, ਬਹੁਗਿਣਤੀ ਭਾਰਤੀ ਕੌਮ ਕੋਲੋਂ ਆਤਮ-ਨਿਰਣੇ ਦਾ ਹੱਕ ਮੰਗ ਰਹੀ ਹੈ। ਕੀ ਸਿੱਖ ਨਾਂ ਦੀ ਕੋਈ ਕੌਮ ਹੈ ਜਾਂ ਧਰਮ ਦੇ ਅਧਾਰ 'ਤੇ ਕਦੇ ਕੌਮ ਬਣੀ ਹੈ ? ਨਾਲ ਹੀ ਕੀ ਭਾਰਤ ਵਰਗੇ ਬਹੁ-ਕੌਮੀ ਦੇਸ਼ ਵਿਚ "ਭਾਰਤੀ ਕੌਮ" ਹੈ ? ਜੇ ਹੈ ਤਾਂ ਕਿਸ ਖੇਤਰ ਵਿਚ ਵੱਸਦੀ ਹੈ ? ਕੋਈ ਜਵਾਬ ਨਹੀਂ !

ਮਾਰਕਸਵਾਦੀ ਦਰਸ਼ਨ ਵਿਚ ਕੌਮ ਬਾਰੇ ਸਰਵ-ਪ੍ਰਵਾਨਤ ਪ੍ਰੀਭਾਸ਼ਾ ਸਾਥੀ ਸਟਾਲਿਨ ਨੇ ਪੇਸ਼ ਕੀਤੀ ਹੈ– 'ਕੌਮ ਇਤਿਹਾਸਕ ਤੌਰ 'ਤੇ ਹੋਂਦ ਵਿਚ ਆਏ ਲੋਕਾਂ ਦਾ ਇਕ ਸਥਿਰ ਭਾਈਚਾਰਾ ਹੁੰਦੀ ਹੈ। ਇਹ ਭਾਈਚਾਰਾ ਇਕ ਸਾਂਝੀ ਬੋਲੀ, ਇਲਾਕੇ ਅਤੇ ਆਰਥਕ ਜੀਵਨ ਰਾਹੀਂ ਪ੍ਰਗਟ ਹੁੰਦੀ ਮਨੋਵਿਗਿਆਨਕ ਬਣਤਰ ਦੇ ਅਧਾਰ ਉਤੇ ਉਸਰਿਆ ਹੁੰਦਾ ਹੈ। ਇਸ ਲਈ ਕੌਮ ਲਈ ਪੰਜ ਬੁਨਿਆਦੀ ਤੱਤਾਂ–ਇਤਿਹਾਸਕ ਤੌਰ 'ਤੇ ਹੋਂਦ ਵਿਚ ਆਈ ਨਸਲ, ਸਾਂਝੀ ਭਾਸ਼ਾ, ਸਾਂਝਾ ਭੂਗੋਲਿਕ ਇਲਾਕਾ, ਸਾਂਝੀ ਆਰਥਕਤਾ ਅਤੇ ਸਾਂਝਾ ਮਨੋਵਿਗਿਆਨਕ ਸਭਿਆ-ਚਾਰ–ਦਾ ਹੋਣਾ ਅਤਿਅੰਤ ਜ਼ਰੂਰੀ ਹੈ। ਪੰਜਾਬ ਵਿਚ ਵਸਦੇ ਸਾਰੇ ਧਰਮਾਂ, ਜਾਤਾਂ ਅਤੇ ਨਸਲਾਂ ਦੇ ਲੋਕਾਂ ਉਪਰ ਇਹ ਪ੍ਰੀਭਾਸ਼ਾ ਲਾਗੂ ਹੁੰਦੀ ਹੈ। ਇਹਨਾਂ ਲੋਕਾਂ ਦੀ ਬੋਲੀ ਪੰਜਾਬੀ ਹੈ। ਇਹਨਾਂ ਦਾ ਸਭਿਆਚਾਰ, ਰਸਮਾਂ ਰੀਤੀ ਰਿਵਾਜ ਤਿੱਥ ਤਿਉਹਾਰ ਅਤੇ ਇਹਨਾਂ ਨੂੰ ਮਨਾਉਣ ਦੇ ਢੰਗ ਸਾਂਝੇ ਹਨ। ਪੰਜਾਬੀ ਕੌਮ (ਸਿੱਖ ਕੌਮ ਨਹੀਂ) ਇਤਿਹਾਸਕ ਤੌਰ 'ਤੇ ਹੋਂਦ ਵਿਚ ਆਏ ਇਕ ਨਸਲ ਦੇ ਲੋਕਾਂ ਦਾ ਸਮੂਹ ਹੈ, ਜਿਹਨਾਂ ਦੀ ਆਰਥਕਤਾ ਅਤੇ ਹੋਰ ਕਾਰ-ਵਿਹਾਰ ਸਾਂਝੇ ਹਨ। ਕੋਈ "ਬੁਧੀਜੀਵੀ" ਕਹਿ ਸਕਦਾ ਹੈ ਕਿ ਇਹ ਗੱਲਾਂ ਤਾਂ ਸਿੱਖ ਕੌਮ (!) ਉਪਰ ਵੀ ਲਾਗੂ ਹੁੰਦੀਆਂ ਹਨ। ਆਹੋ ਜੀ ! ਪੰਜਾਬ ਦੀ ਹਿੰਦੂ ਕੌਮ (!) ਅਤੇ ਮੁਸਲਮਾਨ ਕੌਮ (!) ਉੱਪਰ ਵੀ ਲਾਗੂ ਹੁੰਦੀਆਂ ਹਨ। ਕੀ ਇਹ ਮੰਨ ਲਈਏ ਕਿ ਪੰਜਾਬ ਵਿਚ ਤਿੰਨ ਕੌਮਾਂ (ਈਸਾਈਆਂ ਸਮੇਤ ਚਾਰ) ਵਸਦੀਆਂ ਹਨ। ਜੇ ਇਸੇ ਫਾਰ-ਮੂਲੇ ਨੂੰ ਅੱਗੇ ਵਧਾ ਦੇਈਏ, ਫੇਰ ਤਾਂ ਸਮੁੱਚੇ ਭਾਰਤ ਵਿਚ ਮੁੱਖ ਛੇ ਕੁ ਕੌਮਾਂ (ਬੋਧੀ, ਜੈਨੀ ਮਿਲਾਕੇ) ਹੀ ਬਣੀਆਂ। ਪਾਲ ਸਿੰਘ ਜੀ ਸਿੱਖਾਂ ਅੰਦਰ ਹੀ-ਨਿਰਮਲੇ, ਉਦਾਸੀ, ਨਾਮਧਾਰੀ ਅਤੇ ਰਾਧਾ ਸੁਆਮੀਆਂ ਬਾਰੇ ਕੀ ਵਿਚਾਰ ਹੈ ?

ਧਰਮ ਕਦੇ ਵੀ ਕਿਸੇ ਕੌਮ ਦਾ ਅਧਾਰ ਨਹੀਂ ਹੁੰਦਾ ਸਗੋਂ ਇਸ ਦਾ ਕੌਮ ਦੀ ਉਸਾਰੀ ਵਿਚ ਉੱਕਾ ਹੀ ਯੋਗਦਾਨ ਨਹੀਂ ਹੁੰਦਾ। ਸਿਖ ਕਿਸੇ ਵੀ ਤਰ੍ਹਾਂ ਇੱਕ ਕੌਮ ਨਹੀਂ ਬਣਦੇ ਸਗੋਂ ਉਹ ਵਿਸ਼ਾਲ ਪੰਜਾਬੀ ਕੌਮੀਅਤ ਦਾ ਅਨਿੱਖੜ ਅੰਗ ਹਨ ਜਿਵੇਂ ਕਿ ਪੰਜਾਬ ਵਿਚ ਹਿੰਦੂ ਜਾਂ ਮੁਸਲਮਾਨ ਧਰਮਾਂ ਨੂੰ ਮੰਨਣ ਵਾਲੇ ਹਿੰਦੂ ਅਤੇ ਮੁਸਲਮਾਨ ਪੰਜਾਬੀ।

ਰੂਸ ਵਿਚ ਬਹੁਤ ਵਡੀ ਰੂਸੀ ਕੌਮ ਸੀ, ਜਿਹੜੀ ਨਿੱਕੀਆਂ ਨਿੱਕੀਆਂ ਕੌਮਾਂ ਨੂੰ ਦਬਾਉਂਦੀ ਸੀ ਪ੍ਰੰਤੂ ਭਾਰਤ ਵਿੱਚ ਅਜੇਹੀ ਕੋਈ ਵੀ ਇਕੱਲੀ ਕਹਿਰੀ ਕੌਮ ਨਹੀਂ ਹੈ ਜੋ ਦੂਜੀ ਕੌਮ ਨੂੰ ਦਬਾਉਂਦੀ ਹੋਵੇ। ਭਾਰਤ ਦਾ ਕੇਂਦਰੀ ਕ੍ਰਿਤ ਸਤਾਵਾਦੀ ਢਾਂਚਾ ਹੈ ਜੋ ਸਮੁਚੀਆਂ ਕੌਮੀਅਤਾਂ ਨੂੰ ਨਪੀੜ ਰਿਹਾ ਹੈ ਜੀਹਦੇ ਵਿਚ ਤੁਹਾਡੀ ਅਖੌਤੀ ਭਾਰਤੀ (ਹਿੰਦੂ) ਕੌਮ ਵੀ ਸ਼ਾਮਲ ਹੈ। ਭਾਰਤ ਵਿਚ ਕਿਸੇ ਵੀ ਖਾਸ ਕੌਮ, ਧਰਮ ਜਾਂ ਨਸਲ ਦੀ ਹਕੂਮਤ ਨਹੀਂ। ਇੱਥੇ ਵਡੀ ਅਜਾਰੇਦਾਰ ਸਰਮਾਏਦਾਰੀ ਅਤੇ ਲੈਂਡਲਾਰਡਾਂ ਦੀ ਹਕੂਮਤ ਹੈ ਜੋ ਭਾਰਤ ਵਿੱਚ ਵਸਦੀਆਂ ਸਮੁੱਚੀਆਂ ਕੌਮੀਅਤਾਂ ਸਮੇਤ ਪੰਜਾਬੀ ਕੌਮੀਅਤ ਦੇ, ਨੂੰ ਦਬਾ ਰਹੀ ਹੈ। ਨਾਲ ਹੀ ਕੋਈ ਵੀ 'ਕੱਲੀ' ਕਹਿਰੀ ਕੌਮੀਅਤ ਭਾਵੇਂ ਕਿੰਨੀ ਵੀ ਤਾਕਤਵਰ ਹੋਵੇ ਇਸ

ਸੱਤਾਵਾਦੀ ਹਕੂਮਤੀ ਢਾਂਚੇ 'ਚੋਂ ਮੁਕਤ ਨਹੀਂ ਹੋ ਸਕਦੀ ਸਗੋਂ ਸਮੁੱਚੀਆਂ ਕੌਮੀਅਤਾਂ ਜਾਂ ਇਹਨਾਂ ਦੇ ਵਿਸ਼ਾਲ ਹਿੱਸੇ ਦਾ ਇਕ ਮੁੱਠ ਸੰਘਰਸ਼ ਹੀ ਸਮੁੱਚੀ ਜਨਤਾ ਦੀ ਮੁਕਤੀ ਕਰਵਾ ਸਕਦਾ ਹੈ। ਅੱਜ ਦੇ ਸਾਮਰਾਜੀ ਯੁੱਗ ਵਿਚ ਕੌਮੀਅਤਾਂ ਦੀ ਸਰਮਾਏਦਾਰੀ ਕੌਮੀ ਨੁਕਤੀ ਘੋਲ ਨੂੰ ਤੋੜ ਤੱਕ ਨਹੀਂ ਨਿਭਾ ਸਕਦੀ ਸਗੋਂ ਸਾਥੀ ਲੈਨਿਨ ਅਨੁਸਾਰ ਅੱਜ ਦੀ ਬੁਰਜੂਆਜ਼ੀ ਅਪਣਾ ਇਨਕਲਾਬੀ ਖਾਸਾ ਗੁਆ ਚੁੱਕੀ ਹੈ। ਪਾਲ ਸਿੰਘ ਜੀ ਤੁਹਾਡੀ ਸਿੱਖ ਸਰਮਾਏਦਾਰੀ ਕਦੇ ਵੀ "ਸਿੱਖ ਕੌਮ" ਦੀ ਮੁਕਤੀ ਨਹੀਂ ਕਰਾ ਸਕੇਗੀ। ਹਾਂ ਸਮਝੌਤੇ ਕਰਕੇ ਆਪਣੇ ਲਈ ਕੁੱਝ ਰਿਆਇਤਾਂ ਲੈ ਸਕਦੀ ਹੈ ਜਿਵੇਂ ਇਸਦੇ ਅਤੇ ਇਸਦੀ ਅਕਾਲੀ ਪਾਰਟੀ ਦੇ ਇਤਿਹਾਸ ਤੋਂ ਜ਼ਾਹਰ ਹੈ।

ਭਾਰਤ ਦੀਆਂ ਵੱਖ ਵੱਖ ਕੌਮੀਅਤਾਂ ਦੀ ਅਸਲ ਮੁਕਤੀ ਪ੍ਰੋਲੇਤਾਰੀ ਦੀ ਅਗਵਾਈ ਅਧੀਨ ਨਵਜਮਹੂਰੀ ਇਨਕਲਾਬ ਪੂਰਾ ਹੋਣ ਨਾਲ ਹੀ ਸੰਭਵ ਹੈ। ਪ੍ਰੰਤੂ ਇਸਦਾ ਭਾਵ ਇਹ ਨਹੀਂ ਕਿ ਉਦੋਂ ਤੱਕ ਪ੍ਰੋਲੇਤਾਰੀ ਹੱਥ ਤੇ ਹੱਥ ਧਰਕੇ ਬੈਠਾ ਰਹੇ, ਉਸਨੂੰ ਸਰਮਾਏਦਾਰ ਅਤੇ ਪਿਛਾਖੜੀ ਤਾਕਤਾਂ ਵਲੋਂ ਚਲਾਏ ਜਾ ਰਹੇ ਘੋਲਾਂ ਵਿਚ ਨਿੱਗਰਦਖਲ ਅੰਦਾਜ਼ੀ ਕਰਕੇ ਘੋਲ ਦਾ ਧਾਰਾ ਬੁਨਿਆਦੀ ਦੁਸ਼ਮਣ ਵੱਲ ਸੇਧਦੇ ਹੋਏ ਮਜ਼ਦੂਰ ਜਮਾਤ ਦੀ ਅੰਤਮ ਜਿੱਤ ਵੱਲ ਵਧਣਾ ਚਾਹੀਦਾ ਹੈ। ਪੰਜਾਬ ਵਿਚ ਭਾਰਤੀ ਹਾਕਮ ਜਮਾਤਾਂ ਅਤੇ ਅਖੌਤੀ ਸਿੱਖ ਕੌਮ ਦੇ ਆਗੂਆਂ ਦੀਆਂ ਫਿਰਕੂ ਨੀਤੀਆਂ ਕਾਰਣ ਪੰਜਾਬੀ ਕੌਮੀਅਤ ਵਿਚ ਪਈ ਫੁੱਟ ਨੂੰ ਖਤਮ ਕਰਨ ਦੇ ਸਿਰਤੋੜ ਯਤਨ ਕਰਨੇ ਹੋਣਗੇ।

ਸਿੱਖ ਜਨਤਾ ਨੂੰ ਵੀ "ਸਿੱਖ ਕੌਮ" ਤੇ ਅਧਾਰਤ ਕਿਸੇ ਅਣਜੰਮੇ ਰਾਜ ਦੀ ਝਾਕ ਛੱਡਦੇ ਹੋਏ ਭਾਰਤ ਦੀਆਂ ਕੌਮੀਅਤਾਂ ਦੀ ਵਿਸ਼ਾਲ ਮਿਹਨਤੀ ਜਨਤਾ ਨਾਲ ਇਕ ਜੁੱਟ ਹੋ ਕੇ ਭਾਰਤ ਦੇ ਲੁਟੇਰੇ ਰਾਜ ਪ੍ਰਬੰਧ ਦਾ ਤਖ਼ਤਾ ਉਲਟਾਉਣ ਲਈ ਸੰਘਰਸ਼ ਵਿਚ ਪੈਣਾ ਚਾਹੀਦਾ ਹੈ। ਸਮਚੀਆਂ ਕੌਮੀਅਤਾਂ ਦੀ ਮੁਕਤੀ ਨਾਲ ਹੀ ਪੰਜਾਬੀ ਕੌਮੀਅਤ ਅਤੇ ਸਿੱਖ ਜਨਤਾ ਦੀ ਮੁਕਤੀ ਦਾ ਸਵਾਲ ਜੁੜਿਆ ਹੋਇਆ ਹੈ, ਇਹਨਾਂ ਦੇ ਵਿਰੋਧ ਵਿਚ ਖੜ੍ਹਕੇ ਜਾਂ ਅਲੱਗ ਹੋ ਕੇ ਨਹੀਂ। ਅਜੋਕੀ ਰਾਜਸੀ ਹਾਲਤ ਵਿਚੋਂ ਜਦੋਂ ਸਿੱਖ ਡੂੰਘੇ ਮਾਨਸਕ ਸੰਤਾਪ ਵਿਚੋਂ ਗੁਜ਼ਰ ਰਹੇ ਹਨ ਤਾਂ ਸਿੱਖ ਕੀ ਕਰਨ ? ਦੇ ਸਵਾਲ ਦੀ ਮੈਂ ਸਮਤਾ ਦੇ ਮਾਰਚ ਅੰਕ ਵਿਚ ਵਿਸਥਾਰ ਸਹਿਤ ਵਿਆ-ਖਿਆ ਕਰਨ ਦੀ ਕੋਸ਼ਿਸ਼ ਕਰਾਂਗਾ।

**2. ਪਾਲ ਸਿੰਘ ਦੀ ਕਮਿਊਨਿਸਟਾਂ ਤੇ ਘਟੀਆ ਚਿੱਕੜ-ਉਛਾਲੀ**

ਸਮਤਾ ਜਨਵਰੀ 87 ਅੰਕ 'ਚ, ਲੇਖਕ ਪਾਠਕ ਫੋਰਮ 'ਚ ਸ੍ਰੀ ਪਾਲ ਸਿੰਘ ਦਾ ਲੇਖ 'ਪੰਜਾਬ ਮਸਲੇ ਵਿੱਚ ਕਮਿਊਨਿਸਟਾਂ ਨੇ ਲੈਨਿਨਵਾਦ ਪਾੜ ਸੁੱਟੀ' ਛਪਿਆ ਹੈ। ਇਸ ਵਿੱਚ ਲੈਨਿਨ ਦੀਆਂ ਟੂਕਾਂ 'ਚੋਂ ਜਿਵੇਂ ਮਨਮਰਜ਼ੀ ਦੇ ਅਰਥ ਕੱਢੇ ਗਏ ਹਨ, ਉਸ ਲਈ ਸ੍ਰੀ. ਪਾਲ ਸਿੰਘ ਦੀ 'ਅਕਲ' ਤੋਂ ਬਲਿਹਾਰੇ ਜਾਣ ਨੂੰ ਜੀ ਕਰਦਾ ਹੈ।

ਸ੍ਰੀ ਪਾਲ ਸਿੰਘ ਲਿਖਦੇ ਹਨ, 'ਨਿਕੀ ਘੱਟ ਗਿਣਤੀ ਸਿੱਖ ਕੌਮ ਦੇ ਹੱਕਾਂ ਨੂੰ ਨਜ਼ਰ-ਅੰਦਾਜ਼ ਕਰਕੇ ਭਾਰਤੀ ਬਹੁ ਗਿਣਤੀ ਵੱਡੀ ਕੌਮ ਦੀ ਸਰਮਾਏਦਾਰੀ ਦੇ ਹੱਕ ਵਿੱਚ ਭੁਗਤ ਰਹੇ ਹਨ।" ਸਿਰਫ਼ ਇਥੇ ਹੀ ਨਹੀਂ, ਲੇਖ 'ਚ ਬਹੁਤ ਥਾ 'ਸੈਂਟਰ ਦੀ ਬਹੁ-ਗਿਣਤੀ ਕੌਮ ਦੀ ਸਰਮਾਏਦਾਰੀ', 'ਸੈਂਟਰ ਦੀ ਬਹੁਗਿਣਤੀ ਵੱਡੀ ਕੌਮ ਦੀ ਸਰਮਾਏਦਾਰੀ, 'ਪੰਜਾਬ ਦੀ ਘੱਟ ਗਿਣਤੀ ਸਿੱਖ ਕੌਮ ਦੀ ਸਰਮਾਏਦਾਰੀ, ਜਹੇ ਲਫ਼ਜ਼ ਵਰਤੇ ਗਏ ਹਨ। ਜੇ ਸਿੱਖ ਕੌਮ ਇਕ ਕੌਮ ਹਨ ਤਾਂ ਫਿਰ ਪੰਜਾਬੀ ਕੌਣ ਹਨ ? ਕੀ ਪੰਜਾਬ ਦੇ ਹਿੰਦੂ ਕੋਈ ਵਖਰੀ ਕੌਮ ਹਨ ?? ਲੈਨਿਨ ਨੇ ਧਰਮਾਂ ਦੇ ਆਧਾਰ 'ਤੇ ਕੌਮਾਂ ਦੇ ਸੰਕਲਪ ਦੀ ਕਿਤੇ ਵੀ ਵਿਆਖਿਆ ਨਹੀਂ ਕੀਤੀ। ਤੇ ਸ੍ਰੀ ਪਾਲ ਸਿੰਘ ਅਨੁਸਾਰ 'ਭਾਰਤੀ ਬਹੁ ਗਿਣਤੀ ਵੱਡੀ ਕੌਮ' ਕੌਣ ਹਨ ? ਕੀ ਹਿੰਦੂ ? ਜੇ ਇੰਜ ਹੈ ਤਾਂ ਫਿਰ ਬੰਗਾਲੀ ਕੌਣ ਹਨ, ਬਿਹਾਰੀ ਕੌਣ ਹਨ, ਗੁਜਰਾਤੀ ਕੌਣ ਹਨ, ਮਰਹੱਟੇ ਕੌਣ ਹਨ ? ਸ੍ਰੀ ਪਾਲ ਸਿੰਘ ਅਨੁਸਾਰ ਤਾਂ ਇਹ ਸਾਰੇ ਇਕ ਕੌਮ ਈ ਹਨ ਕਿਉ ਕਿ ਇਹ ਹਿੰਦੂ ਧਰਮ ਨਾਲ ਸੰਬੰਧਤ ਹਨ। ਫਿਰ ਤਾਂ ਸ੍ਰੀ ਪਾਲ ਸਿੰਘ ਅਨੁਸਾਰ ਭਾਰਤ ਦੀਆਂ ਕੌਮਾਂ ਦੀ ਵਿਆਖਿਆ ਹਿੰਦੂ, ਮੁਸਲਮਾਨ, ਸਿੱਖ, ਈਸਾਈ, ਪਾਰਸੀ, ਬੋਧੀ ਆਦਿ 'ਚ ਹੋਣੀ ਚਾਹੀਦੀ ਹੈ। ਜਦੋਂ ਕਿ ਲੈਨਿਨਵਾਦ ਅਨੁਸਾਰ ਇਹ ਉੱਕਾ ਹੀ ਗਲਤ ਹੈ।

ਅੱਗੇ ਸ੍ਰੀ ਪਾਲ ਸਿੰਘ ਲਿਖਦੇ ਹਨ "ਭਾਰਤ ਵਿੱਚ ਵੀ ਸਰਮਾਏਦਾਰੀ ਨੇ ਜਗੀਰਦਾਰੀ ਨੂੰ ਖਤਮ ਕੀਤਾ ਹੈ...।" ਜੇ ਭਾਰਤ 'ਚੋਂ ਜਗੀਰਦਾਰੀ, ਜਿਹੜੀ ਕਿ ਸ੍ਰੀ ਪਾਲ ਸਿੰਘ ਅਨੁਸਾਰ, ਖਤਮ ਹੋ ਗਈ ਹੈ ਤਾਂ ਫਿਰ ਬਿਹਾਰ, ਯੂ. ਪੀ. 'ਚ ਬੈਠੇ ਦਰਜਨਾਂ ਪਿੰਡਾਂ ਦੀ ਜ਼ਮੀਨ ਦੇ ਮਾਲਕ ਕੌਣ ਹਨ ? ਖੁਦ ਪੰਜਾਬ 'ਚ ਬਾਦਲ, ਅਰਮਿੰਦਰ ਸਿੰਘ ਵਰਗੇ ਸਾਬਕਾ ਮਹਾਰਾਜੇ, ਜਿਹੜੇ ਏਕੜਾਂ ਦੇ ਫਾਰਮ ਬਣਾ ਕੇ ਬੈਠੇ ਹਨ, ਇਹ ਕੌਣ ਹਨ ?-- ਸ੍ਰੀ ਪਾਲ ਸਿੰਘ ਜੀ, ਭਾਰਤ 'ਚੋਂ ਸਰਮਾਏਦਾਰੀ ਨੇ ਜਗੀਰਦਾਰੀ ਨੂੰ ਖਤਮ ਨਹੀਂ ਕੀਤਾ, ਸਗੋਂ ਉਸ ਨਾਲ ਸਾਂਝ ਭਿਆਲੀ ਪਾ ਕੇ ਚਲ ਰਹੀ ਹੈ।

ਪੰਜਾਬ ਦਾ ਅਜੋਕਾ ਮੋਰਚਾ ਕੇਂਦਰ ਦੀ ਕਾਂਗਰਸ ਤੇ ਪੰਜਾਬ 'ਚ ਅਕਾਲੀਆਂ ਦੇ ਕੁਰਸੀ-ਯੁੱਧ ਦੀ ਦੇਣ ਹੈ ਇਸ ਵਿੱਚ ਦੋਵੇਂ ਲੋਕਾਂ ਦੀ ਬੇਚੈਨੀ ਨੂੰ ਵਰਤਣ ਦੀ

ਕੋਸ਼ਿਸ਼ 'ਚ ਹਨ। ਇਸ ਵਿੱਚ ਅਕਾਲੀ 'ਪੰਥ ਨੂੰ ਖਤਰਾ' ਦੀ ਆੜ ਲੈ ਰਹੇ ਹਨ ਤੇ ਕਾਂਗਰਸ਼ ਦੇਸ਼ ਦੀ 'ਏਕਤਾ ਤੇ ਅਖੰਡਤਾ' ਦੀ।

ਤੇ ਪਾਲ ਸਿੰਘ ਜੀ ਤੁਸੀਂ–ਲੈਨਿਨ ਦੀਆਂ ਟੂਕਾਂ ਦੀ ਆੜ ਲੈ ਕੇ, ਕਮਿਊਨਿਸਟ ਹੋਣ ਦਾ ਬੁਰਕਾ ਪਾ; ਕਮਿਊਨਿਸਟਾਂ ਤੇ ਉਹ ਚਿੱਕੜ ਸੁੱਟ ਰਹੇ ਹੋ ਜਿਹੜਾ ਖ਼ਾਲਿਸਤਾਨੀ ਦਹਿਸ਼ਤਵਾਦੀ ਨਹੀਂ ਸੁੱਟ ਸਕੇ। ਹਰ ਇਕ ਨੂੰ ਆਪਣੇ ਕੋਈ ਵੀ ਵਿਚਾਰ ਰੱਖਣ ਦਾ ਹੱਕ ਹੈ, ਪਰ ਕਿਸੇ ਨੂੰ ਵੀ, ਕਿਸੇ ਸੋਚ ਨੂੰ ਸੰਦਰਭ 'ਚੋਂ ਤੋੜ ਕੇ, ਪੇਸ਼ ਕਰਨ ਦਾ ਹੱਕ ਨਹੀਂ ਹੁੰਦਾ ਜਿਵੇਂ ਕਿ ਤੁਸੀਂ ਲੈਨਿਨ ਦੀਆਂ ਟੂਕਾਂ ਨਾਲ ਕੀਤਾ ਹੈ।

**ਬਲਬੀਰ ਪਰਵਾਨਾ**

## 3–ਇਕ ਸਾਥੀ ਦੀ ਚਿੱਠੀ ਅਤੇ ਉਹਦਾ ਜੁਵਾਬ

ਸਤਿਕਾਰ ਯੋਗ ਗੁਰਸ਼ਰਨ ਭਾਅ ਜੀ, ਜਨਵਰੀ 87 ਦੇ ਅੰਕ ਵਿੱਚ ਇੱਕ ਦਸਤਾਵੇਜ਼ 'ਪੰਜਾਬ ਸਮੱਸਿਆ ਬਾਰੇ ਇਨਕਲਾਬੀ ਏਕਤਾ ਕੇਂਦਰ ਦੀ ਪਹੁੰਚ ਪੜ੍ਹਿਆ। ਗ੍ਰਿਹ ਕੇਂਦਰ ਬਿਲਕੁਲ ਲੋਕ ਹਿੱਤਾਂ ਲਈ ਬੋਲਦਾ ਹੈ– ਪਰ ਕੇਂਦਰ ਦੀਆਂ 17 ਮੰਗਾਂ ਵਿਚੋਂ ਮੰਗ ਨੰ: 9 ਕਿ ਚੰਡੀਗੜ੍ਹ ਫੌਰਨ ਪੰਜਾਬ ਨੂੰ ਦਿੱਤਾ ਜਾਵੇ। ਚੰਡੀਗੜ੍ਹ ਪੰਜਾਬ ਨੂੰ ਦਿੱਤਾ ਜਾਵੇ। ਚੰਡੀਗੜ੍ਹ ਪੰਜਾਬ ਨੂੰ ਮਿਲਣ ਨਾਲ ਆਮ ਲੋਕਾਂ ਨੂੰ ਕੀ ਮਿਲੇਗਾ? ਕੀ ਚੰਡੀਗੜ੍ਹ ਪੰਜਾਬ ਨੂੰ ਮਿਲਣ ਨਾਲ ਮਸਲਾ ਹੱਲ ਹੋ ਜਾਵੇਗਾ? ਮੇਰੀ ਸਮਝ ਅਨੁਸਾਰ ਪੰਜਾਬ ਚੰਡੀਗੜ੍ਹ ਨੂੰ ਦੇਣਾ ਇਕ ਪੂੰਜੀਪਤੀ ਮੰਗ ਹੈ। ਚੰਡੀਗੜ੍ਹ ਪੰਜਾਬ ਨੂੰ ਮਿਲਣ ਨਾਲ ਬਾਦਲ, ਟੌਹੜੇ, ਨਰਿੰਦਰ, ਅਮਰਿੰਦਰ ਜਿਹੇ ਜਾਗੀਰਦਾਰਾਂ ਨੂੰ ਹੀ ਫਾਇਦਾ ਹੋ ਸਕਦਾ ਹੈ ਕਿਰਤੀ ਜਮਾਤ ਨੂੰ ਨਹੀਂ। ਕੀ ਚੰਡੀਗੜ੍ਹ ਪੰਜਾਬ ਨੂੰ ਮਿਲਣ ਨਾਲ ਕਿਰਤੀਆਂ ਦੀ ਲੁੱਟ ਬੰਦ ਹੋ ਜਾਵੇਗੀ? ਇਨਕਲਾਬੀ ਕੇਂਦਰ ਚੰਡੀਗੜ੍ਹ ਨੂੰ ਪੰਜਾਬ ਲਈ ਕਿਸ ਪੱਖ ਤੋਂ ਮੰਗ ਕਰਦਾ ਹੈ? ਤੁਹਾਡੇ ਨਾਟਕ–ਤੁਸੀਂ ਖੁਦ ਇਸ ਮੰਗ ਦਾ ਵਿਰੋਧ ਕਰਦੇ ਰਹੇ ਹੋ ਕਿ ਪੱਥਰਾਂ ਦੇ ਸ਼ਹਿਰ' ਨੂੰ ਅਸਾਂ ਕੀ ਕਰਨਾ ਹੈ, ਪਰ ਹੁਣ ਇਨਕਬਾਬੀ ਕੇਂਦਰ ਦੇ ਕਨਵੀਨਰ ਹੋਣ ਦੇ ਨਾਤੇ ਤੁਸੀਂ ਚੰਦੀਗੜ੍ਹ (ਪੱਥਰਾਂ ਦੇ ਸ਼ਹਿਰ) ਦੀ ਮੰਗ ਕਰ ਰਹੇ ਹੋ। ਇਹ ਕੀ ਮਾਜਰਾ ਹੈ?

ਤੁਹਾਡੇ ਜਵਾਬ ਦੀ ਉਡੀਕ ਨਾਲ,

ਰਾਮ ਸਵਰਨ ਸਿੰਘ 'ਆਜਾਦ'
ਲੱਖੇਵਾਲੀ (ਫਰੀਦਕੋਟ)

–ਸਾਥੀ ਜੀ ਜਦੋਂ ਅਸੀਂ ਕਿਸੇ ਸੰਸਥਾ ਵਿਚ ਕੰਮ ਕਰੀਏ ਤਾਂ ਸੰਸਥਾ ਦੀ ਸਮੁੱਚੀ ਸੋਚ ਇਕ ਵਿਅਕਤੀ ਸੋਚ ਤੋਂ ਵਧ ਕੀਮਤ ਰਖਦੀ ਹੈ। ਮੇਰੇ ਅਪਣੇ ਨਿੱਜੀ ਵਿਚਾਰ ਕੁਝ ਵੀ ਹੋਣ ਪਰ ਸਾਂਝੀ ਸੋਚ ਅਗੇ ਝੁਕਣਾ ਮੇਰਾ ਫਰਜ਼ ਹੈ। ਤੁਹਾਡੇ ਵਿਚਾਰਾਂ ਨੂੰ ਇਨਕਲਾਬੀ ਏਕਤਾ ਕੇਂਦਰ ਦੀ ਕਮੇਟੀ ਅਗੇ ਮੈਂ ਜ਼ਰੂਰ ਪੇਸ਼ ਕਰ ਦੇਵਾਂਗਾ।

**ਗੁਰਸ਼ਰਨ ਸਿੰਘ**

## 4–ਸੰਪਾਦਕ ਜੀ

ਸੱਭ ਤੋਂ ਪਹਿਲਾਂ ਤਾਂ ਤੁਹਾਡਾ ਇਹ ਬਹੁਤ ਸਲਾਹੁਣਯੋਗ ਕਦਮ ਹੈ ਕਿ ਤੁਸੀਂ ਇਨਕਲਾਬੀਆਂ ਦੇ ਨਾਂ ਇਕ ਖੁਲ੍ਹੀ ਚਿੱਠੀ ਕੱਢਕੇ ਇਕ ਸਾਂਝਾ ਕੇਂਦਰ ਉਸਾਰਨ ਲਈ ਸੱਦਾ ਦਿੱਤਾ ਹੈ। ਕਿਉਂਕਿ ਬਾਹਰਮੁਖੀ ਹਾਲਤਾਂ ਅੱਜ ਮੰਗ ਕਰਦੀਆਂ ਹਨ ਕਿ ਕੁਝ ਨਾ ਕੁਝ ਕਰਕੇ ਦਿਖਾਈਏ। ਮੈਂ ਸਮਝਦਾ ਹਾਂ ਕਿ ਜੇਕਰ ਤੁਹਾਡੀ ਇਹ ਸਕੀਮ ਸਿਰੇ ਚੜ੍ਹ ਗਈ ਤਾਂ ਤੁਸੀਂ ਵਧਾਈ ਦੇ ਪਾਤਰ ਹੋਵੋਗੇ ਤੇ ਅਸੀਂ ਮਿਹਨਤਕਸ਼ ਲੋਕਾਂ ਦੀ ਖਾਤਰ ਕੁਝ ਨਾ ਕੁਝ ਕਰ ਸਕਾਂਗੇ ਨਹੀਂ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਾਡੀ ਚੁੱਪ ਵਿਚ, ਹਿੰਦ ਵਿਚ, ਵੱਡੀ ਪੱਧਰ ਤੇ ਹੋਰ ਕਈ ਸੂਬਿਆਂ ਵਿਚ ਆਰਥਕ ਪੱਖੋਂ ਤੰਗੀ ਦੀ ਲੜਾਈ ਫਿਰਕੂ ਰੰਗਤ ਜਾਂ ਜਾਤ ਪਾਤੀ ਰੰਗਤ ਅਖ਼ਤਿਆਰ ਕਰ ਜਾਵੇਗੀ ਤਾਂ ਫੇਰ ਸਾਡੀ ਕਿਸੇ ਨੇ ਗੱਲ ਨਹੀਂ ਸੁਣਨੀ ਜਿਸ ਤਰ੍ਹਾਂ ਹੁਣ ਸਾਡੀ ਕੋਈ ਪੰਜਾਬ ਵਿੱਚ ਵੀ ਨਹੀਂ ਸੁਣਦਾ। ਮੇਰਾ ਕਹਿਣ ਦਾ ਭਾਵ ਹੈ ਲੋੜ ਹੁੰਦੀ ਹੈ ਵੇਲੇ ਸਿਰ ਕੋਈ ਮੁਹਿੰਮ ਛੇੜਨ ਦੀ ਬਾਅਦ ਵਿਚ ਡੁਗ-ਡੁਗੀ ਵਜਾਉਣ ਦਾ ਕੋਈ ਫ਼ਾਇਦਾ ਨਹੀਂ। ਸੋ ਮੈਂ ਵੀ ਆਪਣੇ ਇਹ ਵਿਚਾਰ ਤੁਹਾਡੇ ਤਕ ਪੁਚਾ ਰਿਹਾ ਹਾਂ ਉਮੀਦ ਹੈ ਜ਼ਰੂਰ ਸੋਚਣ ਲਈ ਸਮਾਂ ਲਾਓਗੇ।

ਪੰਜਾਬ ਦਾ ਇਤਿਹਾਸ ਹਿੰਦੋਸਤਾਨ ਦੇ ਬਾਕੀ ਸੂਬਿਆਂ ਨਾਲੋਂ ਵੱਖਰਾ ਹੀ ਹੈ। ਅੰਗਰੇਜ਼ ਹਕੂਮਤ ਸਮੇਂ ਅਜ਼ਾਦੀ ਲਈ ਵੀ ਪੰਜਾਬ ਦਾ ਯੋਗਦਾਨ ਹਿਸਾ ਹੈ ਅਤੇ ਬਾਅਦ ਵਿਚ ਪੰਜਾਬੀ ਸੂਬੇ ਦੀ ਮੰਗ ਵੀ ਪੰਜਾਬੀਆਂ ਨੇ ਕੀਤੀ ਇਹ ਮੰਦਭਾਗੀ ਗੱਲ ਸੀ ਕਿ ਇਸ ਦਾ ਹਿੰਦੂ ਵਿਰੋਧ ਕਰਦੇ ਆਏ। ਪੰਜਾਬੀ ਕੌਮ ਚੋਂ ਸਿੱਖ ਹੀ ਜ਼ਿਆਦਾ ਕੁਰਬਾਨੀਆਂ ਰਹੇ ਹਨ ਅੱਜ ਤੋਂ ਪਿਛਲੇ ਇਤਿਹਾਸ ਦੀ ਲੜਾਈਆਂ ਭਾਵੇਂ ਅਕਾਲੀ ਦਲ ਨੇ ਸਿੱਖ ਧਰਮ ਦੇ ਪੈਂਤੜੇ ਤੋਂ ਲੜੀ ਪਰੰਤੂ ਉਹ ਜਬਰ ਤੇ ਹਕੂਮਤ ਵਿਰੋਧੀ ਸੀ। ਅਤੇ ਪਿਛਲੇ ਇਤਿਹਾਸ ਵਿਚ ਹੱਕ ਸੱਚ ਦੀ ਆਵਾਜ਼ ਬੁਲੰਦ ਕਰਨ ਲਈ ਸਿਖਾਂ ਨੇ ਵੀ ਬਹੁਤ ਕੁਰਬਾਨੀਆਂ ਕੀਤੀਆਂ ਹਨ ਜਿਨ੍ਹਾਂ ਦਾ ਅੱਜ ਦੇ ਸਿੱਖਾਂ ਨੂੰ ਮਾਣ ਹੈ, ਫਕਰ ਹੈ, ਤੇ ਉਹ 'ਲੜਾਕੂ ਤੇ ਖਾੜਕੂਆਂ' ਦਾ ਮਾਣ ਪ੍ਰਾਪਤ ਕਰਨਾ ਚਾਹੁੰਦੇ ਹਨ ਇਹ ਹੋਣਾ ਵੀ ਚਾਹੀਦਾ ਹੈ ਤੇ ਭਾਵੇਂ ਕੋਈ ਵੀ ਹੋਵੇ ਜੋ ਮਿਹਨਤਕਸ਼ ਜਮਾਤ ਚੋਂ ਲੜਾਕੂ ਜਾਂ ਖਾੜਕੂ ਹੋਣ ਉਨਾਂ

ਲਈ ਹੌਂਸਲਾ ਬੁਲੰਦ ਰੱਖਣਾ ਤੇ ਇਨਕਲਾਬੀ ਸੇਧ ਦੇਣਾ ਕਮਿਊਨਿਸਟਾਂ ਦਾ ਕੰਮ ਹੈ।

ਪੰਜਾਬ ਮਸਲਾ ਓਦੋਂ ਸ਼ੁਰੂ ਹੋਇਆ ਜਦੋਂ ਪੰਜਾਬ ਖੇਤੀ ਦੀ ਪੈਦਾਵਾਰ ਵਿਚ ਖੜੋਤ ਵਿਚ ਹੀ ਨਹੀਂ ਸਗੋਂ ਗਿਰਾਵਟ ਵੱਲ ਜਾ ਰਿਹਾ ਸੀ। ਖੇਤੀ ਵੱਧ ਹੋਣ ਨਾਂ ਖਾਸ ਕਰ ਝੋਨੇ ਦੀ ਪੈਦਾਵਾਰ ਲਈ ਪਾਣੀ ਦੀ ਵੱਧ ਲੋੜ ਚੋਂ ਮੋਰਚਾ ਕਪੂਰੀ ਨਹਿਰ ਤੋਂ ਸ਼ੁਰੂ ਹੋਇਆ ਅਕਾਲੀ ਦਲ ਹਮੇਸ਼ਾਂ ਹੀ ਆਪਣੇ ਮੋਰਚੇ ਸਿਖ ਧਰਮ ਤੋਂ ਸ਼ੁਰੂ ਕਰਦੀ ਆਈ ਹੈ ਕਿਉਂਕਿ ਪੰਜਾਬ ਵਿੱਚ ਸਿੱਖ ਵੱਧ ਗਿਣਤੀ ਵਿੱਚ ਹਨ ਅਤੇ ਜ਼ਿਆਦਾ ਸਿੱਖ ਕਿਸਾਨੀ ਨਾਲ ਸਬੰਧਤ ਹਨ ਅਤੇ ਸਿਖ ਧਰਮ ਨਾਲ ਵੀ ਨੇੜਿਓਂ ਜੁੜੇ ਹੋਏ ਹਨ। ਹਰੇ ਇਨਕਲਾਬ ਚੋਂ ਕਾਫ਼ੀ ਹੱਥ ਰੰਗਣ ਤੋਂ ਬਾਅਦ ਪੇਂਡੂ ਸਰਮਾਏਦਾਰ ਦੀ ਲੋੜ ਸੀ ਕਿ ਸਨਅਤਾਂ ਆਦਿ ਦੀ ਮੰਗ ਕਰੇ, ਸਨਅਤਾਂ ਦੇ ਨਾਲ ਬੇਰੁਜ਼ਗਾਰੀ ਦਾ ਮਸਲਾ ਹੱਲ ਹੋਣਾਂ ਜੋ ਉਸ ਨੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਖਿਚਿਆ ਸੂਬਿਆਂ ਲਈ ਵੱਧ ਅਧਿਕਾਰਾਂ ਦੀ ਮੰਗ ਵੀ ਇਨ੍ਹਾਂ ਦੇ ਫਿਟ ਸੀ ਤੇ ਹੁਣ ਵੀ ਹੈ। ਮੇਰਾ ਕਹਿਣ ਦਾ ਭਾਵ ਇਹੋ ਹੈ ਪੰਜਾਬ ਮਸਲੇ ਵਿਚ ਕਈ ਜਮਹੂਰੀ ਮੰਗਾਂ ਸਨ ਜੋ ਆਮ ਲੋਕਾਂ ਦੀ ਰਾਇਆਮਾਂ ਨਾਲ ਸਬੰਧਤ ਸਨ। ਜਿਸ ਵਿਚ ਭਿੰਡਰਾਂ ਵਾਲਾ ਵੀ ਸ਼ਾਮਿਲ ਹੋਇਆ ਤੇ ਰਲਕੇ ਅਨੰਦਪੁਰ ਦਾ ਮਤਾ ਲੈਕੇ ਆਏ। ਇਹਨਾਂ ਸਾਰੀਆਂ ਮੰਗਾਂ ਚੋਂ ਵੱਧ ਅਧਿਕਾਰ ਜਾਂ ਖੁਦਮੁਖਤਿਆਰੀ ਇਕ ਬੁਨਿਆਦੀ ਮੰਗ ਹੈ, ਢਾਂਚਾ ਤਬਾਹ ਕੀਤੇ ਬਿਨ੍ਹਾਂ ਨਹੀਂ ਮਿਲਦੀ। ਪੇਂਡੂ ਸਰਮਾਏਦਾਰ ਜਮਾਤ ਸ਼ਾਂਤਮਈ ਢੰਗਾਂ ਨਾਲ ਸਾਰੀਆਂ ਮੰਗਾਂ ਮਨਵਾਉਣਾ ਚਾਹੁੰਦੀ ਸੀ ਤੇ ਭਿੰਡਰਾਂ ਵਾਲਾ ਹਥਿਆਰਾਂ ਦੇ ਜ਼ੋਰ। ਅਤੇ ਦੋਹਾਂ ਧਿਰਾਂ ਦੇ ਖੁਦਮੁਖਤਿਆਰੀ ਦੇ ਅਰਥ ਵੱਖੋ ਵਖਰੇ ਸਨ ਏਸ ਕਰਕੇ ਆਪਸੀ ਟਕਰਾ ਦੀ ਵੀ ਹਾਲਤ ਰਹੀ। ਅਕਾਲੀ ਸਮੁੱਚੇ ਪੰਜਾਬ ਸਮੇਤ ਹਿੰਦੂ ਕਿਉਂਕਿ ਲੁਟ ਦੀ ਹਵਸ ਨੂੰ ਮੁਖ ਰੱਖਕੇ ਪਾਰਲੀਮਾਨੀ ਘੇਰੇ ਵਿਚ ਵੀ ਰਹਿਣ ਦੀ ਗੱਲ ਕਰਦੇ ਸਨ। ਭਿੰਡਰਾਂ ਵਾਲਾ ਪੰਜਾਬ ਚ ਸਿੱਖ ਵੱਧ, ਕਿਸਾਨੀ ਸਿੱਖਾਂ ਦੀ ਵੱਧ ਗਿਣਤੀ ਹੋਣ ਕਰਕੇ ਸਿਰਫ਼ ਖੁਦਮੁਖਤਿਆਰੀ ਸਿਖਾਂ ਦੀ ਸਮਝਦਾ ਸੀ। ਜਿਸ 'ਚੋਂ ਖਾਲਸੇ ਦੇ ਰਾਜ ਦਾ ਨਕਸ਼ ਉਭਰਦਾ ਸੀ। ਲੜਾਈ ਇਕ ਫਿਰਕੇ ਤੋਂ ਸ਼ੁਰੂ ਹੋਣ ਕਰਕੇ ਕੁਝ ਜਮਹੂਰੀ ਮੰਗਾਂ ਵੀ ਸ਼ਾਮਿਲ ਹੋਣ ਦੇ ਬਾਵਜੂਦ ਦੂਜੇ ਫਿਰਕੇ ਦਾ ਸਾਥ ਨਾ ਹੋਣ ਕਰਕੇ ਇਸਦਾ ਰੂਪ ਉਲਟਾ ਹੀ ਧਾਰਨ ਹੋ ਗਿਆ। ਹਿੰਦੂਆਂ ਦੇ ਕਤਲ, ਧਰਮ ਵਿਚ ਐਨੇ ਗੜ੍ਹਚ ਨਾਸਤਕਾਂ ਦਾ ਵਿਰੋਧ ਤੇ ਸਟੇਟ ਨਾਲ ਵੀ ਸਿਖਾਂ ਦੀ ਟੱਕਰ ਰਹੀ। ਜਿਸ 'ਚੋਂ ਧਰਮ ਤੇ ਅਟੈਕ, ਸਿੱਖਾਂ ਨਾਲ ਜਬਰ ਆਦਿ ਦੀ ਗੱਲ ਉਹ ਜ਼ਿਆਦਾ ਲੈ ਕੇ ਆਏ ਤੇ ਐਲਾਨੀਆਂ ਹੀ ਫਿਰ ਖਾਲਿਸਤਾਨ ਮੰਗਣ ਲੱਗੇ, ਭਾਵੇਂ ਪਹਿਲਾਂ ਨਿਸ਼ਾਨਾ ਸੀ ਪਰ ਮਲਵੀਂ ਜੀਭ ਨਾਲ ਕਹਿੰਦੇ ਸਨ।

ਅੱਜ ਦੀ ਹਾਲਤ 'ਚੋਂ ਮਿਹਨਤਕਸ਼ ਲੋਕਾਂ ਜਾਂ ਹੋਰ ਸਾਧਾਰਨ ਸਿੱਖ ਜੋ ਕ੍ਰਿਸਾਨੀ ਨਾਲ ਸਬੰਧਤ ਹਨ ਉਨ੍ਹਾਂ ਦੀਆਂ ਜਮਹੂਰੀ ਮੰਗਾਂ ਨੂੰ ਚੁੱਕ ਕੇ ਲਾਮਬੰਦ ਕਰੀਏ ਤਾਂ ਹੀ ਅਸੀਂ ਉਨ੍ਹਾਂ ਨੂੰ ਫਿਰਕੂ ਲੜਾਈ 'ਚੋਂ ਕੱਢ ਸਕਦੇ ਹਾਂ ਨਹੀਂ ਤਾਂ ਮੁਠੀ-ਭਰ ਲੋਕਾਂ ਨੂੰ ਨਿਖੇੜਨ ਦੀ ਬਜਾਏ, ਲੋਕਾਂ 'ਚੋਂ ਖੁਦ ਆਪ ਹੀ ਨਿਖੜੇ ਰਹਾਂਗੇ। ਇਹ ਜਮਹੂਰੀ ਮੰਗਾਂ ਇਨਕਲਾਬ ਲਈ ਦਾਅਪੇਚਨ ਤੌਰ ਤੇ ਹੀ ਵਰਤੀਆਂ ਜਾਣਗੀਆਂ ਕਿਉਂਕਿ ਹਿੰਦੁਸਤਾਨ ਬਹੁ ਸਟੇਟਸ ਰਾਜ ਹੈ। ਇਲਾਕਾਈ ਮੰਗਾਂ ਜਾਂ ਸੂਬਾਈ ਮੰਗਾਂ ਬਹੁਤ ਸਾਰੀਆਂ ਇਕ ਦੂਜੇ ਨਾਲ ਟਕਰਾਉ ਦੀਆਂ ਹਨ। ਸੋ ਸਾਨੂੰ ਹਿੰਦ ਪੱਧਰ ਦੇ ਪ੍ਰੋਗਰਾਮ ਤੇ ਇਨਕਲਾਬ ਲਈ ਤਾਂ ਬੁਨਿਆਦੀ ਨਾਹਰਾ ਕੌਮੀਕਰਣ ਦਾ ਹੀ ਲੈ ਕੇ ਆਉਣਾ ਚਾਹੀਦਾ ਹੈ। ਕਿਉਂ ?

ਕਿਉਂ ਕਿ ਹਿੰਦੁਸਤਾਨ ਦੀ ਧਰਤੀ ਸਾਡੀ ਹੈ। ਵਸਦੇ ਸਾਰੇ ਲੋਕਾਂ ਦੀ ਹੈ, ਇਸ ਦੀ ਜਾਇਦਾਦ/ਪ੍ਰਾਪਰਟੀ ਕੁਲ ਲੋਕਾਂ ਦੀ ਹੋਣੀ ਚਾਹੀਦੀ ਹੈ। ਕੁਲ ਆਮਦਨ ਤੇ ਖਰਚਾ ਕੁਲ ਲੋਕਾਂ ਵਿਚ ਵੰਡਿਆਂ ਸਾਰਿਆਂ ਸਿਰ ਹੀ ਸਾਂਝਾ ਹੋਵੇ। ਅੱਜ ਮੁੱਠੀ ਭਰ ਲੋਕ ਸਰਕਾਰੀ ਖਜ਼ਾਨਿਆਂ 'ਚੋਂ ਚੋਰ ਬਜ਼ਾਰੀ ਕਰਕੇ ਨਿੱਜੀ ਸਰਮਾਇਆ ਬਣਾਈ ਜਾ ਰਹੇ ਹਨ। ਮਿਹਨਤਕਸ਼ ਦਰਮਿਆਨੇ ਕਿਸਾਨਾਂ ਤੱਕ ਦੀਆਂ ਜ਼ਮੀਨਾਂ ਗਹਿਣੇ ਪਈਆਂ ਹਨ। ਕਰਜ਼ੇ ਸਿਰ ਹਨ। ਬੇਰੁਜ਼ਗਾਰੀ ਸਿਰੋਂ ਪਰੇ ਹੈ। ਮੈਂ ਸਮਝਦਾ ਹਾਂ ਕਿ ਨਿੱਜੀ ਜਾਇਦਾਦ ਦਾ ਖਾਤਮਾ ਤੇ ਮੌਕੇ ਦੀ ਸਰਕਾਰ ਤੋਂ ਮੰਗ ਕਰਨੀ ਚਾਹੀਦੀ ਹੈ ਕਿ ਹਿੰਦੋਸਤਾਨ ਵਿਚ ਵਸਦੇ ਲੋਕਾਂ ਦੀ ਦੇਖ ਰੇਖ, ਖਾਣ ਪੀਣ, ਪਹਿਨਣ ਤੇ ਰੁਜ਼ਗਾਰ ਦੀ ਜ਼ੁੰਮੇਵਾਰੀ ਸਰਕਾਰ ਦੀ ਹੋਵੇ। ਕੁਲ ਪੈਦਾਵਾਰ ਸਾਂਝੀ ਹੋਵੇ, ਕਿਸੇ ਕੋਲ ਆਪਣਾ ਨਿੱਜੀ ਕੁਝ ਨਾ ਹੋਵੇ। ਇਹੋ ਜੇਹੇ ਰਾਜ ਵਿਚ ਨਾ ਸਾਨੂੰ ਜਿਣਸਾਂ ਦੇ ਭਾਅ ਵੱਧ ਮੰਗਣ ਦੀ ਲੋੜ ਹੈ ਤੇ ਨਾ ਦਿਹਾੜੀ ਜਾਂ ਤਨਖਾਹ ਵੱਧ। ਕਿਉ ਕਿ ਹਿੰਦੋਸਤਾਨ ਸਾਡਾ ਘਰ ਹੈ. ਏਸ ਦੇ ਨਫੇ ਨੁਕਸਾਨ ਦੇ ਅਸੀਂ ਮਾਲਕ ਹਾਂ, ਜਦ ਇਉਂ ਹੋਵੇਗਾ ਤਾਂ ਅਸੀਂ ਦੇਸ਼ ਭਗਤ ਵੀ ਹੋਵਾਂਗੇ ਅਸੀਂ ਕਿਸੇ ਸਾਮਰਾਜੀ ਤਾਕਤ ਨੂੰ ਉਂਗਲ ਨਹੀਂ ਰੱਖਣ ਦਿਆਂਗੇ। ਕੌਮੀਕਰਣ ਦੇ ਨਾਹਰੇ ਥੱਲੇ ਟੱਕਰ ਸਿਰਫ਼ ਜਮਾਤੀ ਹੀ ਹੋਵੇਗੀ। ਲੁਟੇਰੀ ਜਮਾਤ ਇਕ ਪਾਸੇ ਜੋ ਕੌਮੀਕਰਣ ਦੇ ਨਾ ਥੱਲੇ ਕੇਂਦਰੀ-ਕਰਣ ਕਰਦੀ ਹੈ ਬਹੁਤ ਸਾਰੇ ਲੋਕਾਂ ਨੂੰ ਸਾਨੂੰ ਸਮਝਾ ਕੇ, ਕਿ ਤੁਹਾਡੀ ਜ਼ਿੰਦਗੀ ਹੁਣ ਨਾਲੋਂ ਬੇਹਤਰ ਹੋਵੇਗੀ ਲਿਆਉਣਾ ਪਵੇਗਾ। ਇਸ ਵਿਚ ਸੂਬਿਆਂ ਦੀ ਆਪਸੀ ਲੜਾਈ ਨਹੀਂ ਹੋਵੇਗੀ। ਇਹ ਸਾਨੂੰ ਪਤਾ ਹੈ ਕਿ ਏਸ਼

Regd. with the Registrar News papers Vide No. MA/12517-D dated 18.4.80
Post Office No. P/AR—1?3

ਸਰਮਾਏਦਾਰ ਪ੍ਰਬੰਧ ਨੇ ਇਹੋ ਜੇਹਾ ਨਹੀਂ ਕਰਨਾ ਪਰ ਸਾਨੂੰ ਇਹੋ ਮੰਗ ਕਰਦੇ ਇਨ੍ਹਾਂ ਦੇ ਖ਼ਿਲਾਫ਼ ਲੋਕਾਂ ਨੂੰ ਲਾਮਬੰਦ ਕਰਦੇ ਅੱਗੇ ਵਧਦੇ ਜਾਣਾ ਚਾਹੀਦਾ ਹੈ ਤੇ ਕੁਲ ਹਿੰਦ ਲੋਕਾਂ ਦੀ ਅਗਵਾਈ ਕਰਕੇ ਪ੍ਰਬੰਧ ਨੂੰ ਉਲਟਾ ਕੇ ਮਿਹਨਤਕਸ਼ ਲੋਕਾਂ ਦਾ ਰਾਜ ਸਥਾਪਤ ਕਰੀਏ। ਕੁਲ ਦੀ ਜ਼ਿੰਦਗੀ ਵਧੀਆ ਬਣਾਈਏ ਤੇ ਆਪਸੀ ਝਗੜਿਆਂ ਤੋਂ ਖਹਿੜਾ ਛੁਡਵਾਈਏ। ਜ਼ਿਆਦਾ ਲੰਬਾ ਹੋਣ ਕਰਕੇ ਬੰਦ ਕਰਦਾ ਹਾਂ। ਉਮੀਦ ਹੈ ਮੇਰੇ ਇਨ੍ਹਾਂ ਵਿਚਾਰਾਂ ਤੇ ਜ਼ਰੂਰ ਆਪਣਾ ਪ੍ਰਤੀਕਰਮ ਦਿਓਗੇ।

ਗੁਰਮੇਲ ਖੋਟੇ

## 5–ਇਕ ਸਾਥੀ ਦੀ ਚਿਠੀ ਅਤੇ ਜਵਾਬ

—ਭਾ ਜੀ ਅਸਲ ਵਿਚ ਗੱਲ ਇਹ ਹੈ ਕੇ ਮੈਂ ਇੱਕ ਸਿੱਖ ਪਰੀਵਾਰ ਵਿਚ ਜਨਮ ਲਿਆ ਹੈ ਤੇ ਸਿੱਖਾਂ ਦੀਆਂ ਕੁਰਬਾਨੀਆਂ ਜੋ ਉਨ੍ਹਾਂ ਮਨੁਖਤਾ ਦੀ ਖਾਤਰ ਕੀਤੀਆਂ, ਮੇਰੇ ਮਨ ਵਿਚ ਸ਼ਰਧਾ ਹੈ। ਮੈਂ ਗੁਰਦਵਾਰੇ ਨਹੀਂ ਜਾਂਦਾ ਪਰ ਉਹ ਸਥਾਨ ਜਿਥੇ ਸਿੰਘ ਸ਼ਹੀਦ ਹੋਏ ਹੋਣ ਉਥੇ ਮੇਰਾ ਸੀਸ ਆਪਣੇ ਆਪ ਨਿਵ ਜਾਂਦਾ ਹੈ। ਪਰ ਅੱਜ ਦੇ ਸਿੱਖਾਂ ਪ੍ਰਤੀ ਮੇਰੇ ਦਿਲ ਵਿਚ ਕੋਈ ਸ਼ਰਧਾ ਨਹੀ ਮੇਰਾ ਭਾਵ ਅਖੌਤੀ ਸਿੱਖ-ਲੀਡਰਾਂ ਤੋਂ ਹੈ। ਮੇਰੀ ਹਮਦਰਦੀ, ਸ਼ਰਧਾ, ਕਾਮਰੇਡ ਲੋਕਾਂ ਵਲ ਹੈ, ਮੈਂ ਸਮਝਦਾਂ ਉਹ ਦਸਵੇਂ ਗੁਰੂ ਦੇ ਅਸਲੀ ਸਿੱਖ ਹਨ।

ਮੇਰੇ ਦਿਲ ਵਿਚ ਹਰ ਘਟਨਾ ਜੋ ਪੰਜਾਬ, ਹਿੰਦੁਸਤਾਨ ਜਾਂ ਸੰਸਾਰ ਵਿਚ ਵਾਪਰਦੀ ਹੈ ਉਸ ਬਾਰੇ ਅਸਲੀਅਤ ਜਾਨਣ ਦੀ ਤੜਪ ਹੈ [ਮੈਨੂੰ ਯਕੀਨ ਹੈ ਮੇਰੇ ਵਰਗੇ ਹਜ਼ਾਰਾਂ ਹੋਰ ਹੋਣਗੇ] ਪਰ ਸਾਡਾ ਚਾਨਣ ਮੁਨਾਰਾ ਕੌਣ ਬਣਨ? ਕੀ ਸਾਡੇ ਵੇਦ-ਗਰੰਥ! ਮੈਂ ਸਮਝਦਾ ਇਹ ਸਾਨੂੰ ਚੰਗਾ ਇਨਸਾਨ ਬਨਣ ਦੀ ਤਾਂ ਪਰੇਰਨਾ ਦੇ ਸਕਦੇ ਹਨ ਪਰ ਅੱਜ ਦੇ ਜਟਿਲ ਸਮਾਜ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਖਾਤਰ ਸਾਨੂੰ ਕੋਈ ਸੇਧ ਨਹੀ ਦੇ ਸਕਦੇ। ਸੋ ਮੈਂ ਮੰਨਦਾ ਹਾਂ ਕਿ ਸੇਧ ਸਾਨੂੰ ਮਾਰਕਸਵਾਦ, ਲੈਨਿਨਵਾਦ, ਮਾਓਵਾਦ ਹੀ ਦੇ ਸਕਦੇ ਹਨ। ਮੇਰੀ ਰਾਏ ਹੈ ਕੇ ਮੇਰੇ ਵਰਗੇ ਨੂੰ ਚਾਨਣਾ ਦੇਣ ਦੀ ਖਾਤਰ ਮਾਰਕਸਵਾਦ ਦੀਆਂ ਕਲਾਸਾਂ ਲੱਗਣੀਆਂ ਚਾਹੀਦੀਆਂ ਹਨ। ਮੇਰੀ ਆਪਣੀ ਜਾਚੇ ਏਸ ਪਾਸੇ ਬਹੁਤ ਘੱਟ ਕੰਮ ਹੋਇਆ ਹੈ। ਜੇ ਅਜੇਹਾ ਜੰਗੀ ਪੱਧਰ ਤੇ ਹੋਵੇ ਤਾਂ ਅਸੀ ਮਾਰਕਸਵਾਦ ਦੀ ਸੋਚ ਨਾਲ ਲੈਸ ਇਕ ਫੌਜ ਬਹੁਤ ਜਲਦੀ ਤਿਆਰ ਕਰ ਲਵਾਂਗਾ। ਤੇ ਮੇਰੇ ਵਰਗਾ ਸਾਧਾਰਨ ਸੋਚ ਵਾਲਾ ਵੀ ਮਸਲੇ ਦੀ ਜੜ੍ਹ ਤੱਕ ਪਹੁੰਚਣ ਯੋਗ ਹੋ ਜਾਵੇਗਾ। ਉਹਨੂੰ ਆਪਣੇ ਲੀਡਰ ਜਾਂ ਕਿਸੇ ਹੋਰ ਤੋਂ ਸੇਧ ਲੈਣ ਲਈ ਨਹੀ ਵੇਖਣਾ ਪਵੇਗਾ [ਮੇਰਾ ਭਾਵ ਇਹ ਨਹੀ ਕੇ ਸਾਨੂੰ ਲੀਡਰ ਦੀ ਜ਼ਰੂਰਤ ਨਹੀ] ਕੋਈ ਵੀ ਵਿਅਕਤੀ ਆਪ ਪੜ੍ਹ ਕੇ ਮਾਰਕਸਵਾਦ ਨੂੰ ਨਹੀ ਸਮਝ ਸਕਦਾ। ਮੈਂ ਅਜਿਹੀ ਕੋਸ਼ਿਸ਼ ਕੀਤੀ ਸੀ ਪਰ ਸਫਲ ਨਹੀ ਹੋਇਆ। ਹੋ ਸਕਦਾ ਮੇਰੀ ਸਲਾਹ ਵਿਚ ਦਮ ਹੋਵੇ।

ਭਾ ਜੀ ਇਕ ਸੁਵਾਲ ਹੋਰ ਮਨ ਵਿਚ ਹੈ ਉਹ ਇਹ ਕੇ ਮੈਂ ਜਨਵਰੀ 87 'ਸਮਤਾ' ਪਾਲ ਸਿੰਘ ਐਡੀਟਰ ਪੰਜਾਬੀ ਕੌਮ ਦਾ ਲੇਖ 'ਪੰਜਾਬ ਮਸਲੇ ਵਿਚ ਕਮਿਊਨਿਸਟਾਂ ਨੇ ਲੈਨਿਨਵਾਦ ਪਾੜ ਸੁਟੀ।' ਇਹ ਸਾਰਾ ਲੇਖ ਪੜ੍ਹਨ ਤੋਂ ਬਾਦ ਮੈਂ ਇਹੀ ਨਤੀਜਾ ਕੱਢਿਆ ਕੇ ਕਾ: ਲੈਨਿਨ ਅਨੁਸਾਰ ਪੰਜਾਬ ਵਿਚ ਚੱਲ ਰਿਹਾ ਸੰਘਰਸ਼ ਕੌਮੀ ਘੋਲ ਹੈ। ਤੇ ਕਮਿਊਨਿਸਟਾਂ ਨੂੰ ਇਸ ਦੀ ਮੱਦਦ ਕਰਨੀ ਚਾਹੀਦੀ ਹੈ। ਕੀ ਇਹ ਸੱਚ ਮੁੱਚ ਕੌਮੀ ਘੋਲ ਹੈ? ਕੀ ਪੰਜਾਬ ਦੀ ਸਰਮਾਏਦਾਰੀ ਇਸ ਦੀ ਅਗਵਾਈ ਕਰ ਰਹੀ ਹੈ? ਕੀ ਕਮਿਊਨਿਸਟਾਂ ਨੂੰ ਇਸ ਘੋਲ ਦੀ ਹਮੈਤ ਕਰਨੀ ਚਾਹੀਦੀ ਹੈ? ਜੇ ਹਮੈਤ ਕਰਨੀ ਚਾਹੀਦੀ ਹੈ ਤਾਂ ਕਿਸ ਤਰ੍ਹਾਂ?

ਮੈਨੂੰ ਉਮੀਦ ਹੈ ਭਾ ਜੀ ਤੁਸੀਂ ਮੇਰੇ ਖਤ ਦਾ ਜਵਾਬ ਦੇਵੋਂਗੇ। ਮੈ ਨਹੀਂ ਕਹਿੰਦਾ ਕੇ ਮੇਰੇ ਖਤ 'ਸਮਤਾ' ਵਿਚ ਹੀ ਛਾਪਿਆ ਜਾਵੇ। ਤੁਸੀਂ ਏਨੇਂ ਰੁਝੇ ਹੋਏ ਹੋ ਕੇ ਤੁਹਾਡਾ ਵਖਤ ਖਰਾਬ ਕਰਨ ਨੂੰ ਦਿਲ ਨਹੀ ਸੀ ਕਰਦਾ ਪਰ ਮਨ ਵਿਚ ਕੁਝ ਸੀ ਲਿਖ ਦਿਤਾ।

**ਸਰਵਜੀਤ ਸਿੰਘ**

ਸਾਥੀ ਜੀ,

ਮਾਰਕਸਵਾਦ ਬਾਰੇ ਮੁੱਢਲੀ ਪੜ੍ਹਾਈ ਲਈ ਕੀ ਕੀਤਾ ਜਾਏ, ਇਹ ਇਨਕਲਾਬੀ ਕੇਂਦਰ ਦੇ ਪ੍ਰੋਗਰਾਮਾਂ ਵਿਚ ਇਕ ਵਡਾ ਪ੍ਰੋਗਰਾਮ ਹੈ। ਮਾਰਕਸਵਾਦ ਕੀ ਹੈ? ਇਹਦੇ ਬਾਰੇ ਅਗੇ ਕਿਤਾਬਾਂ ਮਿਲਦੀਆਂ ਹਨ, ਪਰ ਅਸੀਂ ਅਪਣੇ ਵਲੋਂ ਆਸਾਨ ਕਿਤਾਬਾਂ ਛਾਪਾਂਗੇ ਅਤੇ ਸਟੱਡੀ ਸਰਕਲ ਵੀ ਲਗਾਵਾਂਗੇ। ਪਾਲ ਸਿੰਘ ਹੋਰਾਂ ਦੀ ਧਾਰਨਾ ਬਾਰੇ ਅਗੇ ਬਹਿਸ ਹਾਲੇ ਜਾਰੀ ਹੈ। ਦੋ ਚਿਠੀਆਂ ਇਸ ਅੰਕ ਵਿਚ ਹਨ।

ਗੁਰਸ਼ਰਨ ਸਿੰਘ

**ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਦੀਆਂ ਨਵੀਆਂ ਪੁਸਤਕਾਂ**

1986 ਦੀ ਚੋਣਵੀਂ ਕਵਿਤਾ/ਕੀਮਤ 5 ਰੁਪਏ ੦ 1986 ਦੀ ਚੋਣਵੀਂ ਕਹਾਣੀ/ਕੀਮਤ 5 ਰੁਪਏ

ਸਮੇਂ ਦੇ ਸੂਰਜ / ਹਰਨੇਕ ਕਲੇਰ / ਕੀਮਤ 5 ਰੁਪਏ